# ਗ਼ਦਰ ਲਹਿਰ, ਨਿਸ਼ਾਨੇ ਤੇ ਉਦੇਸ਼ ਅਤੇ ਕਾਮਾਗਾਟਾਮਾਰੂ ਦੁਖਾਂਤ ਦਾ ਇਸ ਲਹਿਰ ਉਤੇ ਪ੍ਰਭਾਵ

★ ਡਾਂ. ਪੂਰਨ ਸਿੰਘ (ਵੈਨਕੂਵਰ)

ਗ਼ਦਰ ਲਹਿਰ ਭਾਰਤ ਦੀ ਅਜ਼ਾਦੀ ਲਹਿਰ ਦਾ ਇੱਕ ਅਟੁੱਟ ਅੰਗ ਤੇ ਅਹਿਮ ਇਤਿਹਾਸਕ ਸੰਘਰਸ਼ ਹੈ, ਜਿਸਨੇ ਵਿਦੇਸ਼ਾਂ ਵਿਚ ਭਾਰਤੀ ਲੋਕਾਂ ਅੰਦਰ ਕੌਮੀ ਅੰਦੋਲਨ ਲਈ ਉਤਸ਼ਾਹ ਪੈਦਾ ਕੀਤਾ ਅਤੇ ਉਨ੍ਹਾਂ ਨੂੰ ਹਥਿਆਰਬੰਦ ਬਗਾਵਤ ਦੁਆਰਾ ਬਰਤਾਨਵੀ ਸਾਮਰਾਜ ਤੋਂ ਆਪਣੇ ਦੇਸ਼ ਨੂੰ ਮੁਕਤ ਕਰਾਉਨ ਲਈ ਤਿਆਰ ਕੀਤਾ। ਇਸ ਪ੍ਰਤੀ ਕੋਈ ਦੋ ਰਾਵਾਂ ਨਹੀਂ ਕਿ ਪੰਜਾਬ ਅੰਦਰ ਕਿਰਸਾਨੀ ਦਾ ਕਿੱਤਾ, ਪੰਜਾਬੀਆਂ ਦਾ ਮੁੱਖ ਕਿੱਤਾ ਸੀ, ਪਰ ਉਨ੍ਹਾਂ ਲਈ ਇਸ ਕਿਤੇ ਦੁਆਰਾ ਜੀਵਨ ਨਿਰਬਾਹ ਕਰਨ ਲਈ ਮੁੱਖ ਲੋੜ ਦੀ ਪੂਰਤੀ ਵੀ ਅਸੰਭਵ ਸੀ। ਭਾਵੇਂ ਉਹ ਇਸ ਆਰਥਕ ਤੰਗੀ ਦੇ ਮੁੱਖ ਕਾਰਨਾਂ ਤੋਂ ਪੂਰੇ ਜਾਣਕਾਰ ਨਹੀਂ ਸਨ, ਪਰ ਕੁੱਝ ਕੁ ਵਿਅੱਕਤੀ ਭਲੀ ਪ੍ਰਕਾਰ ਜਾਣਦੇ ਸਨ ਕਿ ਬਰਤਾਨਵੀ ਸਾਮਰਾਜ ਦੀਆਂ ਨੀਤੀਆਂ ਕਾਰਨ, ਉਹ ਆਰਥਕ ਤੌਰ ਤੇ ਪਛੜ ਰਹੇ ਸਨ। ਉਨ੍ਹਾਂ ਨੂੰ ਇਸ ਗੱਲ ਦੀ ਭਿਣਕ ਲੱਗੀ ਕਿ ਕੈਨੇਡਾ ਤੇ ਅਮਰੀਕਾ 'ਚ ਮਜਦੂਰੀ ਕਰਕੇ ਆਪਣੀ ਆਰਥਿਕਤਾ ਨੂੰ ਸੁਧਾਰਿਆ ਜਾ ਸਕਦਾ ਹੈ, ਦੂਸਰਾ ਇਨ੍ਹਾਂ ਦੇਸ਼ਾ ਵਿਚ ਕਮਿਆਂ ਦੀ ਲੋੜ ਵੀ ਸੀ। ਇਨ੍ਹਾਂ ਦੇਸ਼ਾਂ ਅੰਦਰ ਮਿਲ ਰਹੀ ਉਜਰਤ ਨਾਲ ਆਪਣੇ ਪਰਵਾਰਾਂ ਦੀ ਖੁਸ਼ਹਾਲੀ 'ਚ ਵਾਧਾ ਕਰਨ ਦਾ ਸੁਪਨਾ ਲੈਕੇ ਬਹੁਤ ਪੰਜਾਬੀਆਂ ਨੇ ਨਾਰਥ ਅਮਰੀਕਾ ਦੇ ਦੋ ਦੇਸ਼ਾਂ ਕੈਨਡਾ ਤੇ ਅਮਰੀਕਾ ਨੂੰ ਆਉਣਾ ਸ਼ੁਰੂ ਕੀਤਾ।

ਇਸਤੋਂ ਪਹਿਲਾ ਕਾਫੀ ਪੰਜਾਬੀ ਮਲਾਇਆ, ਸੁਮਾਟਰਾ ਤੇ ਸੰਘਹਾਈ (ਚੀਨ) ਆਦਿ ਦੇਸ਼ਾਂ ਵਿਚ ਗਏ, ਜਿਥੇ ਉਨ੍ਹਾਂ ਕਾਫੀ ਸਮਾਂ ਪੁਲਸ ਜਾਂ ਫੌਜ਼ ਦੀ ਨੌਕਰੀ ਵੀ ਕੀਤੀ ਅਤੇ ਛੇਤੀ ਹੀ ਇਨ੍ਹਾਂ ਦੇਸ਼ਾਂ ਨਾਲੋਂ ਕੈਨੇਡਾ ਤੇ ਅਮਰੀਕਾ ਪਹੁੰਚਣ ਨੂੰ ਤਰਜੀਹ ਦੇਣ ਲੱਗੇ। ਜਦੋਂ ਇਹ ਪੰਜਾਬੀ ਕਿਸਾਨ ਜਾਂ ਸਾਬਕਾ ਫੌਜ਼ੀ, ਜਿਨ੍ਹਾਂ ਨੇ ਬਰਤਾਨਵੀ ਫੌਜ਼ ਵਿਚ ਨੌਕਰੀ ਕੀਤੀ, ਕੈਨੇਡਾ ਜਾਂ ਅਮਰੀਕਾ ਵਿਚ ਪਹੁੰਚੇ, ਤਾਂ ਇਨ੍ਹਾਂ ਨੂੰ ਨਸਲੀ ਵਿਤਕਰੇ ਦਾ ਸਾਹਮਣਾ ਕਰਨਾ ਪਿਆ।

ਅਮਰੀਕਾ ਤੇ ਕੈਨੇਡਾ ਵਿਚ ਪੰਜਾਬੀ 20ਵੀਂ ਸਦੀ ਦੇ ਮੁੱਢ 'ਚ ਆਉਣੇ ਸ਼ੁਰੂ ਹੋਏ। ਇਨ੍ਹਾਂ ਵਿਚੋਂ 90 ਫੀਸਦੀ ਲੌਕ ਸਿੱਖ ਸਨ। ਕੈਨੇਡਾ ਵਿਚ 90 ਫੀਸਦੀ ਤੋਂ ਵੱਚ, ਇਹ ਪਰਵਾਸੀ ਬ੍ਰਿਟਿਸ਼ ਕੋਲੰਬੀਆ ਵਿੱਚ, ਵਿਸ਼ੇਸ਼ ਕਰਕੇ ਵੈਨਕੂਵਰ ਦੇ ਆਸਪਾਸ ਹੀ ਰਹਿਣ ਲੱਗੇ। ਦੂਜੇ ਪਾਸੇ ਜੋ ਲੋਕ ਅਮਰੀਕਾ ਗਏ, ਉਨ੍ਹਾਂ ਵਿਚੋਂ ਜਿਆਦਾ ਕੈਲੇਫੋਰਨੀਆ ਅਤੇ ਔਰੀਗਨ ਸੂਬੇ ਦੇ ਸ਼ਹਿਰਾਂ ਵਿਚ ਰਹਿਣ ਲੱਗੇ, ਜਿਥੇ ਉਨ੍ਹਾਂ ਨੂੰ ਫਾਰਮਾਂ ਅਤੇ ਲੱਕੜ ਮਿਲਾਂ ਵਿਚ ਕੰਮ ਮਿਲ ਜਾਂਦਾ ਸੀ। ਸਾਲ 1906 ਦੇ ਪੱਤਝੜ ਸਮੇਂ 1500 ਪੰਜਾਬੀ ਕਾਮੇ ਵੈਨਕੂਵਰ ਦੇ ਆਸ-ਪਾਸ ਹੀ ਕੰਮ ਕਰਦੇ ਸਨ।[1]

ਗ਼ਦਰ ਲਹਿਰ ਦੇ ਮਹਾਨ ਯੋਧੇ ਬਾਬਾ ਸੋਹਣ ਸਿੰਘ ਜੀ ਭਕਨਾ ਵਲੋਂ ਆਪਣੀ ਸਵੈ-ਜੀਵਨੀ ਵਿਚ ਅਜੇਹੇ ਬ੍ਰਿਤਾਂਤ ਕਲਮਬੰਦ ਕੀਤੇ ਗਏ ਸਨ, ਜਿਨ੍ਹਾਂ ਨੂੰ ਪੜ੍ਹਕੇ ਸਪਸ਼ਟ ਹੁੰਦਾ ਹੈ ਕਿ ਭਾਰਤੀ ਲੋਕਾਂ ਨੂੰ ਥਾਂ ਥਾਂ ਫਿਟਕਾਰਾਂ ਮਿਲਣ ਦਾ ਕਾਰਨ, ਉਨ੍ਹਾਂ ਦੀ ਗੁਲਾਮੀ ਹੀ ਸੀ। ਉਹ ਦੱਸਦੇ ਹਨ ਕਿ ਕਈ ਵਾਰੀ ਕਈ ਅਮਰੀਕਨ ਝੰਜੋੜਦੇ ਵੀ ਸਨ ਕਿ 30 ਕਰੋੜ ਭਾਰਤੀਆਂ ਨੂੰ ਬਰਤਾਨਵੀ ਲੋਕ ਕਿਵੇਂ ਗੁਲਾਮ ਬਣਾਈ ਫਿਰਦੇ ਹਨ?[2]

ਜਿਵੇਂ ਪਹਿਲਾਂ ਉਲੇਖ ਹੋ ਚੁੱਕਾ ਹੈ ਕਿ ਨਾਰਥ ਅਮਰੀਕਾ ਤੋਂ ਪਹਿਲਾਂ ਪੰਜਾਬੀ ਸਿੱਖ ਬਤੌਰ ਬਰਤਾਨਵੀ ਫੌਜ਼ੀ ਜਾਂ ਪੁਲਸ ਦੀ ਸੇਵਾਵਾਂ ਲਈ ਮਲਾਇਆ, ਸੰਘਹਾਈ ਅਤੇ ਹਾਂਗਕਾਂਗ ਥਾਵਾਂ ਤੇ ਗਏ। ਇਨ੍ਹਾਂ ਥਾਵਾਂ ਤੇ ਉਨ੍ਹਾਂ ਨੇ ਗੁਰਦੁਆਰੇ ਵੀ ਸਥਾਪਤ ਕੀਤੇ, ਜਿਵੇਂ ਪੀਨਾਂਗ (ਮਲੇਸ਼ੀਆ) ਵਿਚ 1901 ਵਿਚ ਗੁਰਦੁਆਰਾ ਸਥਾਪਤ ਹੋਇਆ, ਉਸ ਤਰ੍ਹਾਂ ਹਾਂਗਕਾਂਗ ਵਿਚ ਵੀ ਗੁਰਦੁਆਰਾ ਸੀ। ਸੰਘਗਈ, ਚੀਨ ਵਿਚ ਵੀ ਗੁਰਦੁਆਰਾ ਸਥਾਪਤ ਕੀਤਾ ਸੀ। ਇਨ੍ਹਾਂ ਗੁਰਦੁਆਰਿਆਂ ਦੀ ਸਥਪਨਾ ਸਦਕਾ ਬਹੁਤ ਪੰਜਾਬੀ ਜਾਂ ਗੈਰ-ਪੰਜਾਬੀ ਲੋਕਾਂ ਨੂੰ ਵਿਦੇਸ਼ਾਂ ਵਿਚ ਜਾਣ ਲਈ, ਸਫਰ ਦੌਰਾਣ ਪੜਾਅ ਕਰਨ ਉਪਰੰਤ ਲੰਗਰ ਛਕਣ ਦੀ ਹਮੇਸ਼ਾ ਖੁੱਲ ਹੁੰਦੀ। ਇਸ ਗੱਲ ਤੋਂ ਮੁਕਰ ਨਹੀਂ ਹੋ ਸਕਦੇ ਕਿ ਇਨ੍ਹਾਂ, ਗੁਰਦੁਆਰਿਆਂ ਨੇ ਗ਼ਦਰ ਲਹਿਰ ਦੀ ਸਥਾਪਨਾ ਉਪਰੰਤ ਗ਼ਦਰ ਲਹਿਰ 'ਚ ਸ਼ਾਮਲ ਹੋਣ ਲਈ ਬਤੌਰ ਪ੍ਰੇਰਣਾ ਕੇਂਦਰਾਂ ਦੀ ਭੂਮਿਕਾ ਨਿਭਾਈ ਅਤੇ ਇਨ੍ਹਾਂ ਗੁਰਦੁਆਰਿਆਂ ਦੇ ਗ੍ਰੰਥੀ ਸਿੰਘਾਂ ਨੇ ਗ਼ਦਰ ਲਹਿਰ 'ਚ ਜਿਥੇ ਨਿੱਧੜਕ ਹੋਕੇ ਹਿੱਸਾ ਪਾਇਆ, ਉਸਦੇ ਨਾਲ ਗੁਰਬਾਣੀ ਦੇ ਉਪਦੇਸ਼ਾਂ ਦੁਆਰਾ ਕੁਰਬਾਣੀ ਲਈ ਸਬਕ ਦ੍ਰਿੜ ਕਰਾਏ। ਇਨ੍ਹਾਂ ਗੁਰਦੁਆਰਿਆਂ ਵਿਖੇ ਗ਼ਦਰ ਲਹਿਰ ਵੀ ਉਪਲੱਬਧ ਹੁੰਦਾ ਤੇ ਉਸਦੇ ਮਜ਼ਮੂਨਾ ਦੀ ਖੁੱਲ ਕੇ ਵਿਆਖਿਆ ਕੀਤੀ ਜਾਂਦੀ।

1906 'ਚ ਕੈਨੇਡਾ ਦੇ ਵੈਨਕੂਵਰ ਸ਼ਹਿਰ 'ਚ ਖਾਲਸਾ ਦੀਵਾਨ ਸੁਸਾਇਟੀ ਦੀ ਸਥਪਨਾ ਹੋਈ ਅਤੇ ਅਕਤੂਬਰ 1907 ਵਿਚ ਗੁਰਦੁਆਰਾ ਸਾਹਿਬ ਦੀ ਉਸਾਰੀ ਸ਼ੁਰੂ ਹੋਈ ਆਖਿਰ 19 ਜਨਵਰੀ 1908 ਨੂੰ ਗੁਰਦੁਆਰਾ ਸਾਹਿਬ ਦਾ ਉਦਘਾਟਨ ਹੋਇਆ।[3] ਹੁਣ ਵੈਨਕੂਵਰ ਤੇ ਆਸ-ਪਾਸ ਦੇ ਭਾਰਤੀ ਲੋਕਾਂ ਨੂੰ ਜਥੇਬੰਦਕ ਹੋਕੇ ਕੌਮੀ ਮੁਸ਼ਕਲਾਂ ਸਬੰਧੀ ਵਿਚਾਰ-ਚਰਚਾ ਕਰਨ ਲਈ ਇਕ ਕੇਂਦਰੀ ਸਥਾਨ ਮਿਲ ਗਿਆ ਸੀ।

ਸਭ ਤੋਂ ਪਹਿਲਾਂ ਬ੍ਰਿਟਸ਼ ਕੋਲੰਬੀਆਂ ਦੇ ਸੂਬਾ ਸਰਕਾਰ ਨੇ ਏਸ਼ੀਅਨ ਲੋਕਾਂ ਨੂੰ ਕੈਨੇਡਾ ਦਾਖਲ ਹੋਣ ਤੋਂ ਰੋਕਣ ਲਈ 1900 ਵਿਚ ਵਿਸ਼ੇਸ ਕਨੂੰਨ ਪਾਸ ਕਰਾਉਣ ਲਈ ਜਤਨ ਹੋਇਆ ਪਰ 1901 ਵਿਚ ਕੈਨੇਡਾ ਦੇ ਗਵਰਨਰ ਜਨਰਲ ਮਿੰਟੋ ਨੇ ਇਸਨੂੰ ਰੱਦ ਕਰ ਦਿਤਾ। ਇਸ ਪਿਛੋਂ 1902, 1903 ਅਤੇ 1904 ਵਿਚ ਬੀ.ਸੀ. ਸਰਕਾਰ ਨੇ ਏਸ਼ੀਅਨ ਲੋਕਾਂ ਦੇ ਆਉਣ ਤੇ ਰੋਕ ਲਗਾਉਣ ਲਈ ਨਵੇਂ ਕਾਨੂੰਨ ਬਨਾਉਣ ਦੇ ਜਤਨ ਕੀਤੇ ਪਰ ਕੇਂਦਰ ਦੀ ਸਰਕਾਰ ਵਲੋਂ ਪਰਵਾਨਗੀ ਨਾ ਮਿਲੀ।[4]

ਬੀ.ਸੀ. ਵਿਚ ਭਾਰਤੀ ਲੋਕ ਬਰਤਾਨਵੀ ਪਰਜਾ ਹੋਣ ਕਾਰਨ ਵੋਟ ਪਾਉਣ ਦਾ ਅਧਿਕਾਰ ਰੱਖਦੇ ਸਨ, ਪਰ ਪ੍ਰੋਵਿਨਸ਼ਲ ਐਕਟ 1907 ਨੇ ਏਸ਼ੀਅਨ ਮੂਲ ਦੇ ਸਾਰੇ ਲੋਕਾਂ ਤੋਂ ਵੋਟ ਦਾ ਅਧਿਕਾਰ ਖੋਹ ਲਿਆ। 12 ਅਗਸਤ 1907 ਨੂੰ ਇਕ ਨਵੀਂ ਜਥੇਬੰਦੀ ਬਣੀ, ਜਿਸਦਾ ਨਿਸ਼ਾਨਾ ਏਸ਼ੀਅਨ ਲੋਕਾਂ ਨੂੰ ਕੈਨੇਡਾ ਆਉਣ ਤੋਂ ਰੋਕਣਾ ਸੀ, ਇਸਦਾ ਨਾਂ "ਏਸ਼ੀਏਟਕ ਐਕਸਲਿਉਜਨ ਲੀਗ" ਰੱਖਿਆ ਗਿਆ।[5]

ਏਸ਼ੀਅਨ ਵਿਸ਼ੇਸ਼ ਤੌਰ ਤੇ ਭਾਰਤੀ ਲੋਕਾਂ ਦੇ ਦਾਖਲੇ ਲਈ ਲਗਾਤਾਰ ਸਮੁੰਦਰੀ ਯਾਤਰਾ ਦਾ ਕਾਨੂੰਨ 8 ਜਨਵਰੀ 1908 ਨੂੰ ਪਾਸ ਕਰ ਦਿਤਾ, ਜਿਸਨੂੰ ਪੀ.ਸੀ. 27 ਵੀ ਕਿਹਾ ਜਾਂਦਾ ਸੀ। ਐਕਟ ਦੇ ਸੈਕਸ਼ਨ 26 ਅਤੇ 30 ਅਨੁਸਾਰ ਖ਼ਾਸ ਹਾਲਤਾਂ ਵਿਚ ਕਿਸੇ ਵੀ ਆਵਾਸੀ ਨੂੰ ਕੈਨੇਡਾ ਉਤਰਨ ਤੋਂ ਰੋਕਿਆ ਜਾ ਸਕਦਾ ਸੀ, ਜੇ ਉਹ ਆਪਣੇ ਜਨਮ ਅਸਥਾਨ ਵਾਲੇ ਦੇਸ਼ ਤੋਂ ਸਿਧੀ ਟਿਕਟ ਖ੍ਰੀਦ ਕੇ ਸਿਧੇ ਜਾਂ ਅਖੰਡ ਸਮੁੰਦਰੀ ਸਫਰ ਰਾਹੀਂ ਨਹੀਂ ਆਉਂਦਾ।[6]

ਕੈਨੇਡਾ ਸਰਕਾਰ ਨੇ ਭਾਰਤੀ ਲੋਕਾਂ ਨੂੰ ਇਥੋਂ ਕੱਢਣ ਲਈ ਗੁਪਤ ਸਾਜਸ਼ ਵੀ ਰੱਚੀ। ਇਸ ਸਾਜਸ਼ ਨੂੰ ਨੇਪਰੇ ਚਾੜਣ ਲਈ ਹਾਪਕਿਨਸਨ ਨੂੰ ਵਰਤਿਆ, ਜੋ ਸਿੱਖਾਂ ਨੂੰ ਨੇੜੇ ਹੋਕੇ ਪ੍ਰੇਰਦਾ ਸੀ ਕਿ ਹਾਂਡੂਰਸ ਵਿਚ ਚੰਗੀ ਨੌਕਰੀ ਤੇ ਕਿਤੇ ਮਿਲਦੇ ਹਨ। ਸਿੱਖਾਂ ਨੇ ਇਕ ਵਿਸ਼ੇਸ਼ ਇਕੱਤ੍ਰਤਾ ਕਰਕੇ ਮਤਾ ਪਾਸ ਕੀਤਾ ਕਿ ਉਥੇ ਜਾਕੇ ਮੌਸਮ ਤੇ ਇਲਾਕੇ ਬਾਰੇ ਪੂਰੀ ਜਾਂਚ-ਪੜਤਾਲ ਕੀਤੇ ਜਾਵੇ। ਭਾਈਚਾਰੇ ਵਲੋਂ ਦੋ ਨੁਮਾਇੰਦੇ ਭਾਈ ਸ਼ਾਮ ਸਿੰਘ ਤੇ ਨਾਗਰ ਸਿੰਘ 25 ਅਕਤੂਬਰ 1908 ਨੂੰ ਹਾਂਡੂਰਸ ਪਹੁੰਚੇ।[7]

22 ਨਵੰਬਰ 1908 ਨੂੰ ਖਾਲਸਾ ਦੀਵਾਨ ਸੁਸਾਇਟੀ ਵਲੋਂ ਮਤਾ ਪਾਸ ਕੀਤਾ ਕਿ ਕੋਈ ਵੀ ਭਾਰਤੀ ਹਾਂਡੂਰਸ ਨਹੀਂ ਜਾਵੇਗਾ ਕਿਉਂਕਿ ਉਸ ਟਾਪੂ ਦਾ ਵਾਤਾਵਰਣ ਵਧੀਆ ਨਹੀਂ ਤੇ ਉਥੇ ਖਾਧ ਖੁਰਾਕ ਅਤੇ ਹਾਲਤ ਬਹੁਤ ਮਾੜੀ ਹੈ।[8] ਜਦੋਂ ਕੈਨੇਡਾ ਦੀ ਸਰਕਾਰ ਆਪਣੀ ਗੁਪਤ ਸਾਜਿਸ਼ ਦੁਆਰਾ ਸਿੱਖਾਂ ਜਾਂ ਭਾਰਤੀਆਂ ਨੂੰ ਹਾਂਡੂਰਸ ਭੇਜਣ ਵਿਚ ਬੁਰੀ ਤਰ੍ਹਾਂ ਫੇਲ੍ਹ ਹੋ ਗਈ ਤਾਂ ਉਹ ਜ਼ਿਦ 'ਚ ਸਿੱਖਾਂ ਜਾਂ ਭਾਰਤੀ ਲੋਕਾਂ ਦਾ ਕੈਨੇਡਾ ਆਉਣ ਤੇ ਪੱਕੇ ਤੌਰ ਤੇ ਪਾਬੰਦੀ ਲਗਾਉਣਾ ਚਾਹੁੰਦੇ ਸਨ। ਇਸ ਮਨੋਰਥ ਦੀ ਪੂਰਤੀ ਲਈ 9 ਮਈ 1910 ਨੂੰ ਪ੍ਰੀਵੀ ਕੌਂਸਲ ਆਰਡਰ ਨੂੰ: 920 ਪਾਰਲੀਮੈਂਟ ਵਿਚ ਪੇਸ਼ ਹੋਇਆ। ਇਸ ਤਰ੍ਹਾਂ ਹੀ ਪ੍ਰੀਵੀ ਕੌਂਸਲ ਦਾ ਆਰਡਰ ਨੰਬਰ 926 ਨਾਂ ਦਾ ਇਕ ਹੋਰ ਵਿਸ਼ੇਸ਼ ਕਾਨੂੰਨ ਬਣਾਇਆ ਗਿਆ।[9]

ਕੈਨੇਡਾ 'ਚ ਕੈਨੇਡਾ ਸਰਕਾਰ ਦੀਆਂ ਨਸਲੀ ਨੀਤੀਆਂ ਦੇ ਅਧਾਰ ਉਤੇ ਨਸਲੀ ਕਾਨੂੰਨਾਂ ਵਿਰੁੱਧ ਭਾਰਤੀਆਂ ਅਤੇ ਪੰਜਾਬੀਆਂ ਨੇ ਆਪਣੇ ਆਪ ਨੂੰ ਜਥੇਬੰਦ ਕੀਤਾ। ਖਾਲਸਾ ਦੀਵਾਨ ਸੁਸਾਇਟੀ ਅਤੇ ਯੂਨਾਈਟਿਡ ਇੰਡੀਆ ਲੀਗ ਨੇ ਸਾਂਝੇ ਤੌਰ ਤੇ ਮਤਾ ਪਾਸ ਕਰਕੇ ਆਟਵਾ ਨੂੰ ਇਕ ਡੈਪੂਟੇਸ਼ਨ ਭੇਜਣ ਦਾ ਫੈਸਲਾ ਕੀਤਾ, ਇਸ ਵਿਚ ਡਾਕਟਰ ਸੁੰਦਰ ਸਿੰਘ, ਪ੍ਰੋਫੈਸਰ ਤੇਜਾ ਸਿੰਘ, ਰਾਜਾ ਸਿੰਘ ਤੇ ਐਲ ਡਬਲਯੂ ਹਾਲ ਸ਼ਾਮਿਲ ਹੋਏ। ਇਹ ਜੱਥਾ 15 ਦਸੰਬਰ 1911 ਨੂੰ ਆਟਵਾ ਪਹੁੰਚਿਆ। ਜਿਥੇ ਇਨ੍ਹਾਂ ਨੇ ਮੰਤਰੀ ਮਿਸਟਰ ਰੋਜ਼ਰਜ਼ ਨੂੰ ਆਪਣੀ ਔਕੜਾਂ ਬਾਰੇ ਜ਼ਾਹਿਰ ਕੀਤਾ।[10] ਪਰ ਇਸ ਡੈਪੂਟੇਸ਼ਨ ਵਲੋਂ ਮੰਤਰੀ ਅੱਗੇ ਰੱਖੀਆਂ ਮੰਗਾਂ ਦੀ ਕਿਸੇ ਨੇ ਪਰਵਾਹ ਨਹੀਂ ਕੀਤੀ। ਇਸ ਪਿਛੋਂ ਤਿੰਨ ਮੈਂਬਰਾਂ ਦੇ ਡੈਪੂਟੇਸ਼ਨ, ਜਿਸ ਵਿਚ ਭਾਈ ਬਲਵੰਤ ਸਿੰਘ (ਗ੍ਰੰਥੀ), ਸ੍ਰ. ਨਰੈਣ ਸਿੰਘ, ਠੀਕਰੀਵਾਲਾ, ਨੰਦ ਸਿੰਘ ਸਿਹਰਾ, ਨੂੰ ਬਰਤਾਨਵੀ ਤੇ ਭਾਰਤ ਸਰਕਾਰਾਂ ਪਾਸ ਭੇਜਿਆ ਗਿਆ। ਇਹ 14 ਮਾਰਚ 1913 ਨੂੰ ਇੰਗਲੈਂਡ ਲਈ ਰਵਾਨਾ ਹੋਏ। ਇਨ੍ਹਾਂ ਦੀ ਵੱਡੀਆਂ ਸਰਕਾਰੀ ਹਸਤੀਆਂ ਨਾਲ ਕੀਤੀ ਮਿਲਣੀ ਦਾ ਵੀ ਕੋਈ ਅਸਰ ਨਾ ਦਿਸਿਆ ਆਖਿਰ ਉਹ ਨਿਰਾਸ਼ ਹੋਕੇ ਵਾਪਸ ਆ ਗਏ।[11]

## ਗ਼ਦਰ ਪਾਰਟੀ ਦੀ ਸਥਾਪਨਾ

ਜਿਵੇਂ ਕੈਨੇਡਾ 'ਚ ਭਾਰਤੀ ਲੋਕਾਂ ਨਾਲ ਨਸਲੀ ਵਿਤਕਰੇ ਹੋਣੇ ਅਤੇ ਨਸਲੀ ਨੀਤੀਆਂ ਅਨੁਸਾਰ ਕਾਨੂੰਨ ਘੜੇ ਗਏ ਅਤੇ ਲਾਗੂ ਕੀਤੇ ਗਏ। ਪਰ ਦੂਜੇ ਪਾਸੇ ਪੰਜਾਬੀਆਂ ਨੇ ਨਸਲੀ ਵਿਤਕਰਿਆਂ ਅਤੇ ਕਾਨੂੰਨਾਂ ਵਿਰੁੱਧ ਸੰਘਰਸ਼ ਜਾਰੀ ਰੱਖਿਆ। ਕੈਨੇਡਾ ਸਰਕਾਰ ਦੀਆਂ ਸਾਜਸ਼ਾਂ ਨੂੰ ਫੇਲ੍ਹ ਕੀਤਾ। ਕੈਨੇਡਾ ਦੇ ਗੁਰਦੁਆਰੇ ਦੇ ਗ੍ਰੰਥੀ ਗਿਆਨੀ ਭਗਵਾਨ ਸਿੰਘ ਜੀ ਦੇ ਲੈਕਚਰਾਂ ਨਾਲ ਲੋਕਾਂ ਨੂੰ ਬਰਤਾਨਵੀ ਸਰਕਾਰ ਵਿਰੁੱਧ ਜਦੋ-ਜਹਿਦ ਕਰਨ ਲਈ ਪ੍ਰੇਰਿਆ ਅਤੇ ਵਤਨ ਦੀ ਅਜ਼ਾਦੀ ਲਈ ਮਰ-ਮਿਟਣ ਲਈ ਤਿਆਰ ਹੋਏ। ਇਹ ਸਪਸ਼ਟ ਹੈ ਕਿ ਗ਼ਦਰ ਲਹਿਰ ਦੇ ਬੀਜ ਵੈਨਕੂਵਰ ਵਿਚ ਬੀਜੇ ਗਏ ਅਤੇ ਖਾਲਸਾ ਦੀਵਾਨ ਸੁਸਾਇਟੀ ਦੇ ਗੁਰਦੁਆਰਾ ਸਾਹਿਬ, ਪਹਿਲਾਂ ਇਸਦਾ ਮੁੱਖ ਕੇਂਦਰ ਸੀ, ਆਖਿਰ ਵਿਚ ਸਾਨਫ੍ਰਾਂਸਿਸਕੋ ਇਸਦਾ ਮੁੱਖ ਸਥਾਪਤ ਕੇਂਦਰ ਬਣਿਆ।[12]

ਗ਼ਦਰ ਕਰਨ ਦਾ ਉਤਸ਼ਾਹ ਅਮਰੀਕਾ ਦੇ ਭਾਰਤੀ ਲੋਕਾਂ ਅੰਦਰ ਵੀ ਪ੍ਰਬਲ ਹੁੰਦਾ ਗਿਆ। ਸਭ ਤੋਂ ਪਹਿਲਾਂ ਸੰਨ 1912 ਦੇ ਅਖੀਰ 'ਚ ਜਾਂ 1913 ਦੇ ਸ਼ੁਰੂ ਵਿਚ ਹਿੰਦੋਸਤਾਨੀ ਅਸੋਸੀਏਸ਼ਨ ਕਾਇਮ ਕੀਤੀ ਗਈ। ਇਹ ਜਥੇਬੰਦੀ ਅਸਟੋਰੀਆ (ਔਰੀਗਨ) ਵਿਚ ਬਣੀ। ਇਸ ਦੀ ਇਕ ਇਕੱਤ੍ਰਤਾ ਵਿਚ ਮੁਨਸ਼ੀ ਰਾਮ, ਕਰੀਮ ਬਖਸ਼ ਨਵਾਬ ਖਾਨ, ਕੇਸਰ ਸਿੰਘ, ਬਲਵੰਤ ਸਿੰਘ ਅਤੇ ਕਰਤਾਰ ਸਿੰਘ ਨੇ ਭਾਸ਼ਨ ਦਿਤੇ।[13]

ਸ੍ਰ. ਭਾਗ ਸਿੰਘ ਕੈਨੇਡੀਅਨ ਵਲੋਂ 1960 ਵਿਚ ਕਿਤੇ ਬਿਆਨ ਅਨੁਸਾਰ ਜੂਨ ਜਾਂ ਮਈ 1913 ਵਿਚ ਅਸਟੋਰੀਆਂ (ਔਰੀਗਨ) ਵਿਚ ਮੀਟਿੰਗ ਹੋਈ। ਲਾਗਲੀਆਂ ਕਈ ਮਿਲਾਂ ਤੋਂ ਆਦਮੀ ਆਏ। ਚੰਗਾ ਇਕੱਠ ਹੋਇਆ ਤੇ ਲਾਲਾ ਹਰਦਿਆਲ ਨੇ ਲੈਕਚਰ ਦਿਤਾ। ਪਾਰਟੀ ਸਥਾਪਤ ਕਰਨ ਤੇ ਅਖ਼ਬਾਰ ਕੱਢਣ ਦੀ ਪ੍ਰੇਰਨਾ ਕੀਤੀ। ਬਾਬਾ ਸੋਹਣ ਸਿੰਘ, ਪ੍ਰਧਾਨ, ਲਾਲਾ ਹਰਦਿਆਲ (ਜਨਰਲ ਸਕੱਤਰ) ਮੁਨਸ਼ੀ ਰਾਮ (ਮੀਤ ਸਕੱਤਰ), ਕਾਂਸ਼ੀ ਰਾਮ (ਖਜ਼ਾਨਚੀ) ਕੇਸਰ ਸਿੰਘ ਠੱਠਗੜ (ਮੀਤ ਪ੍ਰਧਾਨ)। 100 ਡਾਲਰ ਮੈਂ ਦਿਤਾ ਤੇ ਦੱਸ ਹਜ਼ਾਰ ਡਾਲਰ ਇਕੱਠਾ ਹੋ ਗਿਆ।[14]

ਕਈ ਲਿਖਤਾਂ, ਵਿਚ ਹਿੰਦੁਸਤਾਨੀ ਐਸੋਸੀਏਸ਼ਨ ਤੇ ਪਿਛੋਂ 'ਹਿੰਦੀ ਐਸੋਸੀਏਸ਼ਨ' ਬਣਨ ਬਾਰੇ ਸੰਕੇਤ ਹਨ। ਅਸਲ ਵਿਚ ਜਥੇਬੰਦੀ ਦਾ ਪੂਰਾ ਨਾਂ ਹਿੰਦੀ ਐਸੋਸੀਏਸ਼ਨ ਆਫ ਪੈਸੀਫਿਕ ਕੋਸਟ ਸੀ, ਪਰ ਗ਼ਦਰ ਅਖ਼ਬਾਰ ਦੇ ਨਾਂ ਕਰਕੇ ਜਥੇਬੰਦੀ ਦਾ ਨਾਂਵ ਵੀ ਗ਼ਦਰ ਪਾਰਟੀ ਹੀ ਪ੍ਰਸਿੱਧ ਹੋ ਗਿਆ।

## ਉਦੇਸ਼

"ਇਸ ਜ਼ਥੇਬੰਦੀ ਦਾ ਮੁੱਖ ਉਦੇਸ਼ ਦੇਸ਼ ਨੂੰ ਬਰਤਾਨਵੀ ਸਮਰਾਜ

ਤੋਂ ਹਥਿਆਰਬੰਦ ਬਗਾਵਤ ਕਰਕੇ ਮੁਕਤ ਕਰਾਉਣਾ ਅਤੇ ਭਾਰਤ ਵਿਚ ਇਕ ਅਜੇਹਾ ਰਾਜ ਪ੍ਰਬੰਧ ਸਥਾਪਤ ਕਰਨਾ, ਜੋ ਸੁਤੰਤਰਤਾ, ਸਮਾਨਤਾ ਅਤੇ ਭਰਾਤਰੀ ਭਾਵ ਦੇ ਸਿਧਾਂਤ ਤੇ ਅਧਾਰਤ ਹੋਵੇ, ਸਮਾਜ ਦਾ ਪ੍ਰਬੰਧ ਸ੍ਰੇਸ਼ਟ ਹੋਵੇ ਅਤੇ ਲੋਕ ਭਲਾਈ ਵੱਧ ਤੋਂ ਵੱਧ ਕੀਤੀ ਜਾ ਸਕੇ।15

ਗ਼ਦਰ ਪੇਪਰ ਦੇ ਪਹਿਲੇ ਅੰਕ, ਜੋ ਪਹਿਲੀ ਨਵੰਬਰ 1913 ਨੂੰ ਛਪਿਆ, ਉਸ ਅਨੁਸਾਰ ਗ਼ਦਰ ਪਾਰਟੀ ਦੇ ਉਦੇਸ਼ ਇੰਜ ਹਨ, ਭਾਰਤ ਦੇ ਇਇਹਾਸ ਵਿਚ ਅੱਜ ਪਹਿਲੀ ਨਵੰਬਰ 1913 ਨੂੰ ਇਕ ਨਵੇਂ ਯੁਗ ਦਾ ਅਰੰਭ ਹੁੰਦਾ ਹੈ, ਕਿਉਂਕਿ ਅੱਜ ਵਿਦੇਸ਼ੀ ਧਰਤੀ ਤੇ ਪਰ ਆਪਣੀ ਬੋਲੀ ਵਿਚ ਬਰਤਾਨਵੀ ਰਾਜ ਵਿਰੁੱਧ ਇਕ ਜਦੋ-ਜਹਿਦ ਸ਼ੁਰੂ ਹੋਈ ਹੈ।

*ਸਾਡਾ ਨਾਮ।*

ਗ਼ਦਰ

*ਗ਼ਦਰ ਕਿਥੇ ਹੋਵੇਗਾ?*

ਭਾਰਤ ਵਿਚ

*ਕਦੋਂ?*

ਕੁੱਝ ਹੀ ਸਾਲਾਂ ਵਿਚ, ਕਿਉਂਕਿ ਹੁਣ ਲੋਕ ਅੰਗਰੇਜ਼ੀ ਰਾਜ ਦੇ ਹੋ ਰਹੇ ਜ਼ਬਰ ਤੇ ਜ਼ੁਲਮ ਨੂੰ ਹੋਰ ਨਹੀਂ ਸਹਿ ਸਕਦੇ ਅਤੇ ਸੁਤੰਤ੍ਰਤਾ ਲਈ ਲੜਨ ਮਰਨ ਲਈ ਤਿਆਰ ਹਨ।

ਗ਼ਦਰ ਪਾਰਟੀ ਦੇ ਨਿਯਮ, ਉਪ ਨਿਯਮ ਤੇ ਪਾਰਟੀ ਮੈਂਬਰ ਦੇ ਫਰਜ ਬਾਰੇ ਵਿਸ਼ਥਾਰ ਸਹਿਤ ਗ਼ਦਰ ਪਾਰਟੀ ਦੇ ਮੋਢੀ ਪ੍ਰਧਾਨ, ਬਾਬਾ ਸੋਹਨ ਸਿੰਘ ਭਕਨਾ ਦੀ ਸਵੈ-ਜੀਵਨੀ 'ਮੇਰੀ ਰਾਮ ਕਹਾਣੀ' ਵਿਚ ਲਿਖਿਆ ਮਿਲਦਾ ਹੈ।

1. ਅਜ਼ਾਦੀ ਦਾ ਹਰ ਪ੍ਰੇਮੀ ਬਿਨ੍ਹਾਂ, ਜਾਤਪਾਤ ਜਾਂ ਦੇਸ ਕੌਮ ਦੇ ਲਿਹਾਜ ਦੇ ਇਸ ਹਿੰਦੀ ਐਸੋਸੀਏਸ਼ਨ ਵਿਚ ਸ਼ਾਮਲ ਹੋ ਸਕਦਾ ਹੈ।
2. ਗ਼ਦਰ ਪਾਰਟੀ ਦੇ ਹਰ ਸਿਪਾਹੀ (ਮੈਂਬਰ) ਦਾ ਆਪੋ ਵਿਚ ਕੌਮੀ ਨਾਤਾ ਹੋਵੇਗਾ। ਗ਼ਦਰ ਪਾਰਟੀ ਵਿਚ ਧਾਰਮਿਕ ਵਿਚਾਰਧਾਰਾ ਦੀ ਕਦੀ ਚਰਚਾ ਨਹੀਂ ਹੋਵੇਗੀ।
3. ਖਾਣ-ਪੀਣ ਵਲੋਂ ਸਭ ਨੂੰ ਖੁੱਲ੍ਹ ਹੋਵੇਗੀ, ਭਾਵੇਂ ਕੋਈ ਮਾਸ ਖਾਵੇ, ਜਾਂ ਸਬਜੀ, ਸੂਰ ਜਾਂ ਗਊ ਖਾਵੇ, ਹਲਾਲ ਜਾਂ ਝਟਕਾ ਖਾਵੇ।
4. ਕੋਈ ਆਦਮ ਆਪ-ਹੁੱਦਰਾ ਨੇਤਾ ਨਹੀਂ ਸਮਝਿਆ ਜਾਵੇਗਾ। ਕਮੇਟੀ ਦੇ ਫੈਸਲੇ ਅਨੁਸਾਰ ਹੀ ਅਹੁਦੇ ਦਿਤੇ ਜਾਣਗੇ।
5. ਇਸ ਕਮੇਟੀ (ਜੱਥੇਬੰਦੀ) ਦੇ ਦੋ ਭਾਗ ਹੋਣਗੇ। ਇੱਕ ਪਰਗਟ ਤੇ ਦੂਜਾ ਗੁਪਤ-ਵਿਭਾਗ, ਜਿਸ ਵਿਚ ਤਿੰਨ ਮੈਂਬਰ ਹੋਣਗੇ।
6. ਜੇ ਕੋਈ ਪ੍ਰਬੰਧਕ ਜਾਂ ਗੁਪਤ ਕਮੇਟੀ ਦਾ ਕੋਈ ਮੈਂਬਰ ਬੇਈਮਾਨੀ ਕਰੇਗਾ ਜਾਂ ਸੁਸਾਇਟੀ ਦੇ ਭੇਤਾਂ ਨੂੰ ਵੈਰੀਆਂ ਪਾਸ ਪਰਗਟ ਕਰੇਗਾ, ਦੋਸ਼ ਸਿੱਧ ਹੋਣ ਤੇ ਮੌਤ ਦੀ ਸਜ਼ਾ ਮਿਲੇਗੀ।
7. ਗ਼ਦਰ ਦਾ ਕੋਈ ਮੈਂਬਰ ਕਿਸੇ ਤਰ੍ਹਾਂ ਦਾ ਨਸ਼ਾ ਨਹੀਂ ਵਰਤੇਗਾ।
8. ਹਰ ਇਕ ਮੈਂਬਰ ਨੂੰ ਸੁਸਾਇਟੀ ਦਾ ਹਰ ਇਕ ਹੁਕਮ ਮੰਨਣਾ ਹੋਵੇਗਾ, ਜੇ ਕੋਈ ਢਿੱਲ ਕਰੇਗਾ ਤਾਂ ਉਸਨੂੰ ਸਜ਼ਾ ਦਿਤੀ ਜਾ ਸਕਦੀ ਹੈ।

## ਫਰਜ਼

1. ਦੁਨੀਆਂ ਦੇ ਕਿਸੇ ਵੀ ਹਿੱਸੇ 'ਚ ਜਿਥੇ ਗੁਲਾਮੀ ਵਿਰੁੱਧ ਜੰਗ ਛਿੜੇ ਤਾਂ ਗ਼ਦਰ ਪਾਰਟੀ ਦੇ ਸਿਪਾਹੀ ਦਾ ਫਰਜ਼ ਹੋਵੇਗਾ ਕਿ ਉਹ ਅਜ਼ਾਦੀ ਤੇ ਬਰਾਬਰੀ ਦੇ ਹਾਮੀਆਂ ਦੀ ਹਰ ਤਰ੍ਹਾਂ ਸਹਾਇਤਾ ਕਰੇ।
2. ਭਾਰਤ ਦੀ ਅਜ਼ਾਦੀ ਲਈ ਤਨ, ਮਨ ਤੇ ਧਨ ਭਾਵ ਹਰ ਤਰ੍ਹਾਂ ਦੀ ਕੁਰਬਾਨੀ ਦੀ ਲੋੜ ਪਵੇ, ਤਾਂ ਕੋਈ ਵੀ ਗਦਰੀ ਮੁੱਖ ਨਹੀਂ ਮੋੜੇਗਾ।
3. ਭਾਰਤ ਵਿਚੋਂ ਇਕ ਪੁਰਖੀ ਰਾਜ ਖਤਮ ਕਰਕੇ, ਪੰਚਾਇਤੀ ਰਾਜ ਸਥਾਪਤ ਕਰਨਾ ਹਰ ਮੈਂਬਰ ਦਾ ਫਰਜ਼ ਹੈ।
4. ਗ਼ਦਰ ਦੇ ਫੇਲ੍ਹ ਹੋਣ ਪਰ ਵੀ ਆਪਣੇ ਆਦਰਸ਼ ਤੋਂ ਪਿਛੇ ਨਹੀਂ ਹਵਣਾ, ਜਦੋਂ ਤਕ ਗ਼ਦਰ ਪਾਰਟੀ ਦਾ ਇਕ ਮੈਂਬਰ ਵੀ ਜਿਉਂਦਾ ਰਹੇ, ਆਪਣੀ ਜਦੋਂ ਜਹਿਦ ਨੂੰ ਜਾਰੀ ਰਖਣਾ ਹੈ।[16]

## ਗ਼ਦਰ ਅਖ਼ਬਾਰ

ਗ਼ਦਰ ਪਾਰਟੀ ਵਲੋਂ ਇਕ ਅਖ਼ਬਾਰ ਸ਼ੁਰੂ ਕਰਨ ਦਾ ਫੈਸਲਾ ਹੋਇਆ। ਪਾਰਟੀ ਵਲੋਂ ਅਖ਼ਬਾਰ ਦੀ ਸਾਰੀ ਜਿਮੇਦਾਰੀ ਲਾਲਾ ਹਰਦਿਆਲ ਨੂੰ ਸੌਂਪੀ ਗਈ, ਪਰ ਉਸਨੇ ਇਸ ਜਿਮੇਵਾਰੀ ਨੂੰ ਨਿਭਾਉਣ ਲਈ ਢਿੱਲ ਮਿੱਠ ਹੀ ਦਿਖਾਈ। ਆਖ਼ਰ ਭਾਈ ਕਰਤਾਰ ਸਿੰਘ ਸਰਾਭਾ ਤੇ ਗੁਪਤਾ ਨੇ ਪੇਪਰ ਦੀ ਸੰਪਾਦਕੀ ਦਾ ਕਾਰਜ ਪੂਰੀ ਤਨਦੇਹੀ ਨਾਲ ਕੀਤਾ। ਗ਼ਦਰ ਅਖ਼ਬਾਰ ਕਾਰਨ ਹੀ 'ਹਿੰਦੀ ਐਸੋਸੀਏਸ਼ਨ ਆਫ ਪੈਸੀਫਿਕ ਕੋਸਟ' ਦਾ ਪ੍ਰਚਲਤ ਨਾਂਵ ਗ਼ਦਰ ਪਾਰਟੀ ਹੀ ਪੈ ਗਿਆ। ਗ਼ਦਰ ਅਖ਼ਬਾਰ ਹੋਰ ਦੇਸ਼ਾਂ, ਕੈਨੇਡਾ, ਜਪਾਨ, ਚੀਨ, ਮਲਾਯਾ, ਬਰਮਾ, ਮਨੀਲਾ ਤੇ ਭਾਰਤ ਨੂੰ ਵੀ ਭੇਜਿਆ ਜਾਣ ਲੱਗਾ।

ਸਭ ਤੋਂ ਪਹਿਲਾ ਅੰਕ ਨਵੰਬਰ 1913 ਨੂੰ ਨਿਕਲਿਆ। ਅਖ਼ਬਾਰ ਤੋਂ ਬਿਨਾਂ ਹੋਰ ਗ਼ਦਰ ਸਾਹਿਤ ਵੀ ਛਾਪਿਆ ਗਿਆ, ਜਿਸ ਵਿਚ 'ਗ਼ਦਰ ਦੀ ਗੂੰਜ' ਬਹੁਤ ਪ੍ਰਸਿਧ ਹੋਈ।[17]

ਜਿਥੋਂ ਤੱਕ ਗਦਰੀ ਦੇਸ਼ ਭਗਤਾਂ ਦੀ ਵਿਚਾਰਧਾਰਾ ਦਾ ਸਬੰਧ ਹੈ, ਉਹ ਸੱਚੇ ਸੁੱਚੇ ਕਿਰਤੀ ਲੋਕ ਸਨ ਅਤੇ ਇਨਾਂ ਵਿਚੋਂ 90 ਫੀਸਦੀ ਸਿੱਖ ਸਨ। ਗ਼ਦਰ ਪਾਰਟੀ ਵਲੋਂ ਨਿਰਧਾਰਤ ਉਦੇਸ਼, ਮੰਤਵ ਅਤੇ ਪਾਰਟੀ ਮੈਂਬਰਾਂ ਦੇ ਫਰਜ਼ਾਂ ਨੂੰ ਦੇਖਦੇ ਹਾਂ, ਤਾਂ ਇੰਜ ਪ੍ਰਤੀਤ ਹੁੰਦਾ ਹੈ ਕਿ ਇਨ੍ਹਾਂ ਉਚ ਉਦੇਸ਼ਾਂ ਦਾ ਸਰੋਤ ਸਿੱਖ ਧਰਮ ਦੇ ਮਹਾਨ ਗੁਰੂ ਗ੍ਰੰਥ ਸਾਹਿਬ ਹਨ। ਜਿਸ ਅੰਦਰ ਜਾਤ-ਪਾਤ ਦਾ ਵਿਰੋਧ ਹੈ, ਮੱਨੁਖਤਾ ਦੀ ਭਲਾਈ ਲਈ ਸੰਦੇਸ਼ ਹੈ, ਜ਼ੁਲਮ ਤੇ ਜ਼ਾਲਮ ਵਿਰੁੱਧ ਡਟ ਜਾਣ ਦੀ ਪ੍ਰੇਰਣਾ ਹੈ, ਨਸਲ ਤੇ ਲਿੰਗ ਵਿਤਕਰੇ ਵਿਰੁੱਧ ਉਪਦੇਸ਼ ਹੈ ਅਤੇ ਮਨੁੱਖਤਾ ਅਤੇ ਮਨੁੱਖੀ ਅਧਿਕਾਰਾਂ ਲਈ ਕੁਰਬਾਨ ਹੋਣ ਨੂੰ ਮਹਾਨ ਕਰਮ ਦੱਸਿਆ ਗਿਆ ਹੈ। ਮਹਾਨ ਗਦਰੀ ਭ: ਹਰਨਾਮ ਸਿੰਘ ਟੁੰਡੀਲਾਟ ਅਨੁਸਾਰ ਗ਼ਦਰ ਪਾਰਟੀ ਦਾ ਮੁੱਖ ਮੰਤਵ ਅੰਗਰੇਜ਼ਾਂ ਨੂੰ ਭਾਰਤ ਵਿਚੋਂ ਕਢਕੇ ਧਰਮ ਨਿਰਪੱਖ

ਤੇ ਜਮਹੂਰੀ ਗਣਰਾਜ ਦੀ ਸਥਾਪਨਾ ਕਰਨਾ ਸੀ। ਕਿਸਾਨ, ਜਗੀਰਦਾਰ ਤੇ ਸਰਮਾਏਦਾਰੀ ਦੇ ਆਪਸੀ ਆਰਥਕ ਵਿਤਕਰਿਆਂ ਨੂੰ ਖਤਮ ਕਰਨਾ ਉਪਰੰਤ ਲੋਕ ਭਲਾਈ ਦੇ ਕਾਰਜ਼ਾਂ ਨੂੰ ਪਹਿਲ ਦੇਣੀ ਸੀ। ਅਮਰੀਕਾ ਵਿਚ ਜੀਵਨ ਖੁਸ਼ਹਾਲ ਹੋਣ ਕਰਕੇ ਭਾਰਤੀ ਲੋਕ ਇਹੀ ਸਮਝਦੇ ਸਨ ਕਿ ਭਾਰਤੀ ਲੋਕਾਂ ਦੀ ਗਰੀਬੀ ਤੇ ਕੰਗਾਲੀ ਦਾ ਮੁੱਖ ਕਾਰਨ ਬਰਤਾਨਵੀ ਸਾਮਰਾਜ ਸੀ। ਗ਼ਦਰ ਪਾਰਟੀ ਦੇ ਕਿਸੇ ਮੈਂਬਰ ਨੂੰ ਮਾਰਕਸਵਾਦ, ਸਾਮਰਾਜ, ਕਮਿਊਨਿਸਟ ਕੌਮਾਂਤਰੀ, ਬਾਲਸ਼ਵਿਕ ਆਦਿ ਕਿਸੇ ਸ਼ੈ, ਸੰਸਥਾ ਜਾਂ ਉਨ੍ਹਾਂ ਦੀ ਕਿਸੇ ਵਿਚਾਰਧਾਰਾ ਬਾਰੇ ਕੋਈ ਇਲਮ ਨਹੀਂ ਸੀ।[18]

ਜਦੋਂ ਗ਼ਦਰ ਪਾਰਟੀ, ਆਪਣੇ ਮਨੋਰਥ ਵਿਚ ਸਫਲ ਨਾ ਹੋਈ ਤਾਂ ਉਨ੍ਹਾਂ ਵਿਚ ਕੁੱਝ ਗਦਰੀਆਂ ਦਾ ਧਿਆਨ ਰੂਸੀ ਇਨਕਲਾਬ ਵਲ ਗਿਆ ਕਿਉਂਕਿ ਉਹ ਆਪਣੇ ਨਿਸ਼ਾਨੇ ਦੀ ਪੂਰਤੀ ਕਰਨ 'ਚ ਸਫਲ ਹੋਏ ਸਨ। ਗ਼ਦਰ ਪਾਰਟੀ ਨੇ ਕੁੱਝ ਸਾਥੀਆਂ ਨੂੰ ਮਾਰਕਸੀ ਸਿਖਿਆ ਲੈਣ ਲਈ ਮਾਸਕੋ ਭੇਜਿਆ। ਗ਼ਦਰ ਪਾਰਟੀ ਦੇ ਜਨਰਲ ਸਕੱਤਰ ਭਾਈ ਸੰਤੋਖ ਸਿੰਘ (ਲਾਲਾ ਹਰਦਿਆਲ ਨੇ ਮਸਾਂ ਛੇ ਮਹੀਨੇ ਹੀ ਕੰਮ ਕੀਤਾ ਸੀ ਤੇ ਉਹ ਅਮਰੀਕਾ ਛੱਡ ਕੇ ਸਵਿਟਜਰਲੈਂਡ ਚਲਾ ਗਿਆ, ਉਸ ਪਿਛੋਂ ਚੰਗੇ ਪੜ੍ਹੇ ਲਿਖੇ, ਨਿਧੱੜਕ ਜਰਨਲ ਸਕੱਤਰ ਸ੍ਰ. ਸੰਤੋਖ ਸਿੰਘ ਬਣੇ) ਖ਼ੁਦ ਮਾਸਕੋ ਗਿਆ, ਉਥੋਂ ਵਾਪਸ ਆਕੇ ਉਨ੍ਹਾਂ ਨੇ ਪੰਜਾਬ ਵਿਚ ਕਿਰਤੀ ਪੇਪਰ ਸ਼ੁਰੂ ਕੀਤਾ।

## ਗ਼ਦਰ ਪਾਰਟੀ ਦੀ ਅਸਫਲਤਾ ਦੇ ਕਾਰਨ

ਇਸ ਬਾਰੇ ਗ਼ਦਰ ਪਾਰਟੀ ਦੇ ਪ੍ਰਧਾਨ ਸੋਹਣ ਸਿੰਘ ਭਕਨਾ ਵਲੋਂ ਆਪਣੇ ਮੁਲਾਂਕਣ ਅਨੁਸਾਰ ਹੇਠ ਲਿਖੇ ਕਾਰਨ ਸਨ, ਜਿਨ੍ਹਾਂ ਕਰਕੇ ਗ਼ਦਰ ਪਾਰਟੀ ਫੇਲ੍ਹ ਹੋਈ।

1. ਗ਼ਦਰ ਪਾਰਟੀ ਦੀ ਉਮਰ ਇਕ ਸਾਲ ਵੀ ਨਹੀਂ ਸੀ, ਜਦੋਂ ਯੂਰਪ ਵਿਚ ਜੰਗ ਸ਼ੁਰੂ ਹੋ ਗਈ, ਇਸ ਕਰਕੇ ਕੋਈ ਠੋਸ ਤਿਆਰੀ ਨਹੀਂ ਹੋ ਸਕੀ।
2. ਗ਼ਦਰ ਪਾਰਟੀ ਦੇ ਮੈਂਬਰਾਂ ਦਾ ਨਵਾਂ ਤਜ਼ਰਬਾ ਸੀ। ਉਨ੍ਹਾਂ ਦਾ ਖਿਆਲ ਸੀ ਕਿ ਹਿੰਦੋਸਤਾਨ ਦੀ ਲੀਡਰਸ਼ਿਪ ਸਾਡਾ ਸਾਥ ਦੇਵੇਗੀ ਤੇ ਜਨਤਾ ਵੀ ਸਾਥ ਦੇਵੇਗੀ, ਪਰ ਕਿਸੇ ਦਾ ਸਾਥ ਨਾ ਮਿਲਿਆ।
3. ਗ਼ਦਰ ਪਾਰਟੀ 'ਚ ਕੋਈ ਵੀ ਮੰਨਿਆ ਪ੍ਰਮੰਨਿਆ ਨੇਤਾ ਨਹੀਂ ਸੀ, ਜਿਸ ਦੁਆਲੇ ਜਨਤਾ ਲਾਮਵੰਦ ਹੋ ਜਾਂਦੀ। ਗ਼ਦਰ ਪਾਰਟੀ ਵਿਚ ਗ਼ਰੀਬ ਮਜ਼ਦੂਰ ਕਿਸਾਨ ਹੀ ਸਨ।
4. ਪਹਿਲੀ ਵਾਰ ਇਨਕਲਾਬ ਦੇ ਰਾਹ ਤੁਰਨ ਕਾਰਨ, ਤਜਰਬਾ ਨਹੀਂ ਸੀ, ਬਹੁਤ ਗਦਰੀ ਜਹਾਜ ਤੋਂ ਉਤਰਨ ਸਮੇਂ ਹੀ ਫੜੇ ਜਾਂਦੇ।

ਇਸਤੋਂ ਬਿਨ੍ਹਾਂ, ਉਸ ਸਮੇਂ ਦੀ ਹਿੰਦੋਸਤਾਨ ਦੀ ਲੀਡਰਸ਼ਿਪ ਦੀ ਕੁਤਾਹੀ, ਜਿਸਨੇ ਮੌਕੇ ਦੀ ਪਹਿਚਾਨ ਨਹੀਂ ਕੀਤੀ, ਦੂਜਾ ਜਨਤਾ ਵਿਚ ਜਾਗ੍ਰਿਤੀ ਦੀ ਅਣਹੋਂਦ ਸੀ। ਗ਼ਦਰ ਪਾਰਟੀ ਦੇ ਨੇਤਾਵਾਂ ਨੇ ਜੋ ਮੁਲਕ ਦੀ ਹਾਲਤ ਦਾ ਅੰਦਾਜ਼ਾ ਲਗਾਇਆ ਸੀ, ਉਹ ਗਲਤ ਸੀ, ਪਰ ਫੌਜ਼ੀਆਂ ਵਲੋਂ ਸਾਥ ਦੇਣ ਦੀ ਪੂਰੀ ਉਮੀਦ ਸੀ।[19]

ਭਾਵੇਂ ਗਦਰੀ ਦ੍ਰਿੜ ਇਰਾਦੇ ਵਾਲੇ ਸਨ, ਪਰ ਉਨ੍ਹਾਂ ਦੀ ਕਮਾਂਡ ਦਾ ਕੇਂਦਰੀਕਰਣ ਪੂਰੀ ਤਰਾਂ ਸਥਾਪਤ ਨਾ ਹੋ ਸਕਿਆ। ਇਸਤੋਂ ਬਿਨਾਂ ਬਰਤਾਨਵੀ ਸਰਕਾਰ ਕਾਫੀ ਚੌਕਸ ਹੋ ਗਈ ਅਤੇ ਵਿਦੇਸ਼ਾਂ ਵਿਚ ਵਾਪਸ ਜਾ ਰਹੇ ਗਦਰੀਆਂ ਨੂੰ ਗ੍ਰਿਫ਼ਤਾਰ ਕਰਕੇ ਜੇਲਾਂ ਵਿਚ ਸੁੱਟ ਦਿਤਾ। ਦੂਸਰਾ! ਜਸੂਸ ਤੇ ਗਦਾਰ ਲੋਕਾਂ ਦੀ ਭੂਮਿਕਾ ਨੇ ਗਦਰੀਆਂ ਦੇ ਮਨੋਰਥ ਨੂੰ ਸਫਲ ਨਾ ਹੋਣ ਦਿਤਾ।20

ਬਾਬਾ ਸੋਹਨ ਸਿੰਘ ਭਕਨਾ ਅਨੁਸਾਰ ਲਾਲਾ ਹਰਦਿਆਲ ਨਾਲ ਮੁਸਲਮਾਨ ਲੋਕਾਂ ਦੀ ਨਰਾਂਜ਼ਗੀ ਸੀ ਕਿਉਂਕਿ ਜਦੋਂ ਭਾਈ ਜਵਾਲਾ ਸਿੰਘ ਨੇ ਹਿੰਦੋਸਤਾਨ ਤੋਂ ਅੱਡ ਅੱਡ ਸੂਬਿਆਂ ਤੋਂ ਵਜੀਫਿਆਂ ਪੁਰ ਅਮਰੀਕਾ ਵਿਚ ਪੜ੍ਹਨ ਲਈ ਵਿਦਿਆਰਥੀ ਮੰਗਾਏ, ਉਸ ਸਮੇਂ ਮਦਰਾਸ ਦਾ ਮੁਸਲਮਾਨ ਲੜਕਾ ਮਹਿਮੂਦ ਦੀ ਥਾਂ ਗੋਬਿੰਦ ਬਿਹਾਰੀ ਲਾਲ ਦਿਲੀ ਤੋਂ ਮੰਗਾਇਆ। ਲਾਲਾ ਹਰਦਿਆਲ ਅਸਲੀ ਕੰਮ ਕਰਨ ਦੇ ਸੱਮਰਥ ਨਹੀਂ ਸੀ, ਦੂਸਦਾ ਉਹ ਛੇਤੀ ਹੀ ਸੁਸਾਇਟੀ ਨੂੰ ਛਡ ਕੇ ਚਲੇ ਗਏ। ਇਸਤੋਂ ਬਿਨ੍ਹਾਂ, ਜਦੋਂ ਦ੍ਰਿੜ ਇਰਾਦੇ ਵਾਲੇ ਸਿਦਕੀ ਭਾਈ ਸੰਤੋਖ ਸਿੰਘ, ਭਾਈ ਭਗਵਾਨ ਸਿੰਘ, ਮੌਲਾਨਾ ਬਰਕਤਉਲਾ, ਭਾਈ ਕੇਸਰ ਸਿੰਘ, ਭਾਈ ਨਿਧਾਨ ਸਿੰਘ, ਭਾਈ ਜਵਾਲਾ ਸਿੰਘ, ਭਾਈ ਵਸਾਖਾ ਸਿੰਘ, ਅਰੂੜ ਸਿੰਘ ਤੇ ਪੰਡਿਤ ਕਾਸ਼ੀ ਰਾਮ ਆਦਿ ਅਮਰੀਕਾ ਛਡ ਗਏ ਤਾਂ ਰਾਮਚੰਦਰ ਮਨਮਾਨੀਆਂ ਕਰਨ ਲੱਗਾ, ਆਖਿਰ ਕਿਸੇ ਦੇਸ਼ ਭਗਤ ਵਲੋਂ ਕਤਲ ਕਰ ਦਿਤਾ ਗਿਆ ਕਿਉਂਕਿ ਉਸਨੇ ਸੁਸਾਇਟੀ ਦੇ ਪੈਸੇ ਖਾ ਲਾਏ ਸਨ।[21]

ਗ਼ਦਰ ਲਹਿਰ ਪਹਿਲੀ ਧਰਮ ਨਿਰਪੱਖ ਲਹਿਰ ਸੀ, ਜਿਸਨੇ ਹਥਿਆਰਬੰਦ ਬਗਾਵਤ ਦੁਆਰਾ ਦੇਸ਼ ਨੂੰ ਆਜ਼ਾਦ ਕਰਾਉਣਾ ਦਾ ਬੀੜਾ ਚੁੱਕਿਆ। ਭਾਵੇਂ ਇਸ ਲਹਿਰ ਵਿਚ ਸ਼ਾਮਲ ਹੋਣ ਵਾਲਿਆਂ ਵਿਚ ਸਿੱਖਾਂ ਦੀ ਬਹੁ-ਗਿਣਤੀ ਸੀ, ਅਤੇ ਗ਼ਦਰ ਸਾਹਿਤ ਵੀ ਪੰਜਾਬੀ ਵਿਚ ਛਾਪਿਆ ਗਿਆ ਅਤੇ ਇਸਦੀਆਂ ਇਕੱਤ੍ਰਤਾਵਾਂ ਗੁਪਤ ਜਾ ਪ੍ਰਗਟ ਗੁਰਦੁਆਰਿਆਂ ਵਿਚ ਹੀ ਹੁੰਦੀਆਂ ਸਨ। ਪਰ ਇਸ ਲਹਿਰ ਦਾ ਸਿੱਖ ਧਰਮ ਨਾਲ ਬਤੋਰ ਧਰਮ ਕੋਈ ਸਬੰਧ ਨਹੀਂ ਸੀ। ਇਸ ਲਹਿਰ ਵਿਚ ਹਿੰਦੂ ਮੁਸਲਮਾਨ ਵੀ ਸ਼ਾਮਲ ਹੋਏ ਅਤੇ ਇਸਨੇ ਦੇਸ਼ ਦੀਆਂ ਗਦਰੀ ਜਥੇਬੰਦੀਆਂ ਤੇ ਵੀ ਪ੍ਰਭਾਵ ਪਾਇਆ ਕਿ ਉਹ ਵੀ ਧਰਮ-ਨਿਰਪੱਖ ਹੋਕੇ ਕੰਮ ਕਰਨ।[22]

## ਕਾਮਾਗਾਟਾ ਮਾਰੂ ਦਾ ਦੁਖਾਂਤ

ਇਸ ਲੇਖ ਦੇ ਮੁੱਢ 'ਚ ਕੈਨੇਡਾ ਸਰਕਾਰ ਦੀਆਂ ਨਸਲੀ ਨੀਤੀਆਂ ਵਾਰੇ ਵਿਸਤਾਰ ਵਿਚ ਦੱਸਿਆ ਜਾ ਚੁੱਕਾ ਹੈ ਕਿ ਭਾਰਤੀ ਲੋਕਾਂ ਦੇ ਦਾਖਲੇ ਲਈ ਕੈਨੇਡਾ ਸਰਕਾਰ ਵਲੋਂ ਲਗਾਤਾਰ ਯਾਤਰਾ ਵਾਲਾ ਕਾਨੂੰਨ ਬਣਾਇਆ ਗਿਆ। ਇਹ ਕਾਨੂੰਨ 1908 ਵਿਚ ਪਾਸ ਹੋਇਆ। ਇਸਤੋਂ ਪਹਿਲਾਂ 1907 ਵਿਚ ਭਾਰਤੀ ਲੋਕਾਂ ਦਾ ਵੋਟ ਪਾਉਣ ਦਾ ਅਧਿਕਾਰ ਵੀ ਖੋਹ ਲਿਆ ਗਿਆ। 1908 ਵਿਚ ਹੀ ਹਾਂਡੂਰਸ ਦੀ ਸਾਜਸ਼ ਰੱਚੀ ਗਈ, ਜਿਸ ਅਧੀਨ ਕੈਨੇਡਾ ਵਸ ਰਹੇ ਭਾਰਤੀ ਲੋਕਾਂ ਨੂੰ ਵਰਗਾਲਾਕੇ ਹਾਂਡੂਰਸ ਭੇਜਣਾ ਸੀ। ਇਸ ਮੌਕੇ ਪ੍ਰੋਫੈਸਰ ਤੇਜਾ ਸਿੰਘ ਦੇ ਸਹਿਯੋਗ ਨਾਲ ਸਿੱਖਾਂ ਨੇ ਦ੍ਰਿੜਤਾ ਨਾਲ ਹਾਂਡੂਰਸ ਜਾਣ ਤੋਂ ਜਬਾਬ ਦੇ ਦਿਤਾ। ਇਸ ਪਿਛੋਂ ਕੈਨੇਡਾ ਸਰਕਾਰ ਨੇ ਆਰਡਰ ਨੂੰ: 920 ਤੇ 926 ਪਾਸ ਕਰ ਦਿਤਾ, ਜਿਸ ਨਾਲ

ਭਾਰਤੀਆਂ ਦਾ ਕੈਨੇਡਾ 'ਚ ਦਾਖਲਾ ਅਸੰਭਵ ਹੋ ਗਿਆ।

17 ਦਸੰਬਰ 1913 ਨੂੰ 56 ਨਵੇਂ ਸਿੱਖ ਆਵਾਸੀ ਵਿਕਟੋਰੀਆ (ਬੀ.ਸੀ.) ਬੰਦਰਗਾਹ ਤੇ ਪਹੁੰਚੇ, ਇਹ ਸਾਰੇ ਐਂਪਰਸ ਆਫ਼ ਪਨਾਮਾ ਮਾਰੂ ਜਹਾਜ਼ ਰਾਹੀ ਆਏ ਸਨ। ਵੈਨਕੂਵਰ ਦੇ ਸਿੱਖਾਂ ਨੇ ਕਾਨੂੰਨੀ ਸਹਾਇਤਾ ਲਈ ਵਕੀਲ ਮਿਸ਼ਟਰ ਬਰਡ ਨੂੰ ਕਰ ਲਿਆ।[23]

ਜੱਜ ਹੰਟਰ ਨੇ ਆਰਡਰ ਇਨ ਕੌਂਸਲ ਵਿਚ ਕਾਨੂੰਨੀ ਨੁਕਸ ਲੱਭ ਲਿਆ ਅਤੇ 35 ਸੁਸਾਫਰਾਂ ਨੂੰ ਕੈਨੇਡਾ ਵਿਚ ਦਾਖਲ ਹੋਣ ਦਾ ਹੱਕ ਦੇ ਦਿਤਾ।[24]

ਜਦੋਂ ਨਰੈਣ ਸਿੰਘ ਤੇ ਹੋਰ ਆਵਾਸੀ ਲੋਕਾਂ ਨੇ ਕਾਨੂੰਨ ਦੀ ਸਹਾਇਤਾ ਨਾਲ ਕੈਨੇਡਾ ਦਾਖਲ ਹੋਣ ਦਾ ਹੱਕ ਜਿਤਿਆ ਤਾਂ ਇਸ ਕੇਸ ਦੀ ਖ਼ਬਰ ਫੈਲ ਜਾਣਾ ਸੁਭਾਵਕ ਸੀ। ਪਰ ਔਖੀ ਗੱਲ ਇਹ ਸੀ ਕਿ ਕੋਈ ਜਹਾਜੀ ਕੰਪਨੀ ਭਾਰਤੀ ਲੋਕਾਂ ਨੂੰ ਟਿਕਟ ਵੇਚਣ ਤੋਂ ਸੰਕੋਚ ਕਰਦੀ ਸੀ। ਕੈਨੇਡਾ ਪਹੁੰਚਣ ਲਈ ਸਭ ਤੋਂ ਵੱਡਾ ਅੜਿਕਾ ਅਟੁੱਟ ਸਫ਼ਰ ਵਾਲਾ ਕਾਨੂੰਨ ਸੀ, ਪਰ ਜੇਕਰ ਸਮੁੰਦਰੀ ਜਹਾਜ਼ ਕਿਰਾਏ ਤੇ ਲਿਆ ਜਾਵੇ ਤਾਂ ਮਸਲਾ ਹੱਲ ਹੁੰਦਾ ਸੀ। 1914 ਤੱਕ ਜਹਾਜ਼ ਖ੍ਰੀਦਣ ਬਾਰੇ ਅਫ਼ਵਾਹਾਂ ਹੀ ਸਨ, ਆਖਰ ਇਹ ਸੁਪਨਾ 1914 ਵਿਚ ਸਾਕਾਰ ਹੋ ਗਿਆ ਜਦੋਂ ਬਾਬਾ ਗੁਰਦਿਤ ਸਿੰਘ ਸਰਹਾਲੀ ਨੇ ਕਾਮਾਗਾਟਾਮਾਰੂ ਜਹਾਜ਼ ਕਿਰਾਏ ਤੇ ਲੈ ਲਿਆ। ਬਾਬਾ ਗੁਰਦਿਤ ਸਿੰਘ ਦੇ ਆਪਣੇ ਸ਼ਬਦ "ਮੈਂ ਮਲਾਇਆ ਵਿਚ ਸਾਂ ਅਤੇ ਕੁੱਝ ਵਿਅੱਕਤੀ ਮੇਰੇ ਪਾਸ ਆਏ ਅਤੇ ਉਨ੍ਹਾਂ ਆਪਣੇ ਦੁਖੜਿਆਂ ਦੀ ਕਹਾਣੀ ਨੂੰ ਸੁਣਾਇਆ।"[25]

ਪੰਜਾਬ ਅੰਦਰ ਭਾਰਤੀ ਡੈਲੀਗੇਟ, ਜਿਸ ਵਿਚ ਭਾਈ ਬਲਵੰਤ ਸਿੰਘ (ਗ੍ਰੰਥੀ), ਭ: ਨੰਦ ਸਿੰਘ ਸਿਹਰਾ, ਤੇ ਭਾਈ ਹਰਿਨਾਮ ਸਿੰਘ ਹੋਰੀ, ਭਾਈ ਤਖ਼ਤ ਸਿੰਘ ਨੂੰ ਫਿਰੋਜ਼ਪੁਰ ਮਿਲੇ। ਉਨ੍ਹਾਂ ਨੇ ਕੈਨੇਡਾ ਬਾਰੇ ਸਾਰੀ ਜਾਣਕਾਰੀ ਦਿਤੀ ਅਤੇ ਭਾਈ ਤਖ਼ਤ ਸਿੰਘ ਨੂੰ ਅਪੀਲ ਕੀਤੀ ਕਿ ਉਹ ਬਾਬਾ ਗੁਰਦਿਤ ਸਿੰਘ ਨਾਲ ਸੰਪਰਕ ਕਰਕੇ ਉਨ੍ਹਾਂ ਨੂੰ ਜਹਾਜ ਕਿਰਾਏ ਤੇ ਲੈਣ ਲਈ ਪ੍ਰੇਰਨ।[26]

ਬਾਬਾ ਗੁਰਦਿਤ ਸਿੰਘ ਵਲੋਂ ਜਹਾਜ਼ ਕਿਰਾਏ ਤੇ ਲੈਣ ਲਈ ਜਤਨ ਅਰੰਭੇ ਗਏ, ਪਰ ਬਰਤਾਨਵੀ ਜਾਸੂਸਾਂ ਨੇ ਇਸ ਕੰਮ 'ਚ ਅੜਿਕੇ ਪਾਏ, ਜਿਸ ਕਰਕੇ ਉਹ ਕਲਕੱਤੇ ਵਿਖੇ ਕੋਈ ਜਹਾਜ ਕਿਰਾਏ ਤੇ ਲੈਣ ਵਿਚ ਅਸਮਰਥ ਰਹੇ। ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਵਲੋਂ ਵੀ ਬਾਬਾ ਗੁਰਦਿਤ ਸਿੰਘ ਜੀ ਨੂੰ ਜਲਦੀ ਤੋਂ ਜਲਦੀ ਜਹਾਜ਼ ਕਿਰਾਏ ਤੇ ਲੈਣ ਲਈ ਕਿਹਾ ਗਿਆ। ਜਦੋਂ ਜਹਾਜ਼ ਨੇ 30 ਮਾਰਚ 1914 ਨੂੰ ਹਾਂਗਕਾਂਗ ਤੋਂ ਚਲਣਾ ਸੀ ਤਾਂ ਬਾਬਾ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਛੇਤੀ ਹੀ ਉਨ੍ਹਾਂ ਨੂੰ ਛਡ ਦਿਤਾ।

ਸਭ ਮੁਸ਼ਕਲਾਂ ਚੋਂ ਲੰਘਦੇ ਹੋਏ, ਕਾਮਾਗਾਟਾਮਾਰੂ 4 ਅਪਰੈਲ 1914 ਨੂੰ ਹਾਂਗਕਾਂਗ ਤੋਂ ਚਲ ਪਿਆ। ਇਸਦੇ ਬਾਰੇ ਹਾਂਗਕਾਂਗ ਦੇ ਗਵਰਨਰ ਵਲੋਂ ਤਾਰ ਦੁਆਰਾ ਕੈਨੇਡਾ ਦੇ ਗਵਰਨਰ ਜਨਰਲ ਨੂੰ ਇਤਲਾਹ ਦਿਤੀ ਗਈ।[27] 23 ਮਈ 1914 ਨੂੰ ਕਾਮਾਗਾਟਾਮਾਰੂ 376 ਮੁਸਾਫਰਾਂ ਨਾਲ ਵੈਨਕੂਵਰ ਪਹੁੰਚ ਗਿਆ, ਪਰ ਇਮੀਗਰੇਸ਼ਨ ਅਧਿਕਾਰੀਆਂ ਨੇ ਜਹਾਜ਼ ਨੂੰ ਬੰਦਰਗਾਹ ਤੋਂ ਕਾਫੀ ਦੂਰ ਡੂੰਘੇ ਪਾਣੀਆਂ ਵਿਚ ਰੁਕਣ ਲਈ ਆਖ ਦਿਤਾ। ਵੈਨਕੂਵਰ ਦੇ ਲੋਕਲ ਸਿੱਖਾਂ ਨੂੰ ਵੀ ਮੁਸਾਫਰਾਂ ਦੇ ਨੇੜੇ ਨਹੀਂ ਜਾਣ ਦਿਤਾ। ਬਾਬਾ ਗੁਰਦਿਤ ਸਿੰਘ ਨੇ ਇਨ੍ਹਾਂ ਬੰਦਸ਼ਾਂ ਦੇ ਵਿਰੁੱਧ ਰੋਸ ਕੀਤਾ, ਪਰ ਅਧਿਕਾਰੀਆਂ ਦੇ ਕੰਨੀਂ ਜੂੰ ਵੀ ਨਾ ਸਰਕੀ। ਉਨ੍ਹਾਂ ਨੂੰ ਮੀਡੀਆ ਨਾਲ ਵੀ ਨਾ ਮਿਲਣ ਦਿਤਾ ਤੇ ਨਾਹੀ ਮੀਡੀਆ ਵਾਲੇ ਖ਼ੁਦ ਮੁਸਾਫਰਾਂ ਨੂੰ ਮਿਲ ਸਕਦੇ ਸਨ।[28]

ਕਾਮਾਗਾਟਾਮਾਰੂ ਦੇ ਸਬੰਧ 'ਚ ਸਾਰੇ ਕਾਇਦੇ ਕਾਨੂੰਨਾਂ ਨੂੰ ਛਿੱਕੇ ਤੇ ਟੰਗ ਦਿਤਾ ਗਿਆ। ਬਾਬਾ ਗੁਰਦਿਤ ਸਿੰਘ ਤੇ ਮੁਸਾਫਰਾਂ ਨੂੰ ਧੱਕੇ ਨਾਲ ਹੀ ਜਹਾਜ਼ ਵਿਚ ਬੰਦੀ ਬਣਾਇਆ ਗਿਆ। ਖਾਲਸਾ ਦੀਵਾਨ ਸੁਸਾਇਟੀ ਦੇ ਸਕੱਤਰ ਨੇ ਵਕੀਲ ਬਰਡ ਨੂੰ ਕੇਸ ਤਿਆਰ ਕਰਨ ਲਈ ਕਿਹਾ। ਵਕੀਲ ਬਰਡ ਨੇ ਬਾਬਾ ਗੁਰਦਿਤ ਸਿੰਘ ਨੂੰ ਮਿਲਣ ਲਈ ਆਗਿਆ ਮੰਗੀ ਪਰ ਮੈਲਕਾਮ ਰੀਡ ਨੇ ਆਗਿਆ ਨਾ ਦਿਤੀ।[29]

ਇਹ ਹੈਰਾਨੀ ਵਾਲੀ ਗੱਲ ਸੀ ਕਿ ਵਕੀਲ ਨੂੰ ਵੀ ਗੁਰਦਿਤ ਸਿੰਘ ਪਾਸ ਨਹੀਂ ਜਾਣ ਦਿਤਾ। ਇਥੋਂ ਸਪਸ਼ਟ ਹੁੰਦਾ ਹੈ ਕਿ ਲੋਕਾਂ ਨੂੰ ਆਪਣੇ ਹੱਕਾਂ ਤੇ ਅਧਿਕਾਰਾਂ ਨੂੰ ਮਾਨਣ ਦੀ ਖੁੱਲ੍ਹ ਨਹੀਂ ਸੀ। ਬਰਡ (ਵਕੀਲ) ਨੇ ਇਸ ਧੱਕੇ ਵਿਰੁੱਧ ਪ੍ਰਧਾਨ ਮੰਤਰੀ ਬਾਰਡਨ ਨੂੰ ਲਿਖਿਆ।[30] ਵੈਨਕੂਵਰ ਦੇ ਸਿੱਖਾਂ ਵਲੋਂ ਜਹਾਜ਼ ਦਾ ਚਾਰਟਰਸ਼ਿਪ ਭਾਈ ਭਾਗ ਸਿੰਘ ਤੇ ਹਸਨ ਰਹੀਮ ਦੇ ਨਾਂ ਤਬਦੀਲ ਕੀਤਾ ਗਿਆ, ਇਹ ਇਕ ਜਤਨ ਹੀ ਸੀ ਕਿ ਸ਼ਾਇਦ ਮੁਸਾਫਰਾਂ ਨੂੰ ਉਤਰਨ ਦੀ ਆਗਿਆ ਮਿਲ ਜਾਵੇ। ਜਹਾਜ਼ ਵਿਚ ਹਾਂਗਕਾਂਗ ਤੋਂ ਚੜ੍ਹਿਆ ਡਾਕਟਰ ਰਘੂਨਾਥ ਸਿੰਘ ਇਮੀਗਰੇਸ਼ਨ ਦਾ ਬੰਦਾ ਸਾਬਤ ਹੋਇਆ, ਉਹ ਸਾਰਾ ਭੇਤ ਇਮੀਗਰੇਸ਼ਨ ਵਿਭਾਗ ਨੂੰ ਦਿੰਦਾ ਸੀ। ਸੰਖੇਪ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ ਭਾਰਤੀ ਲੋਕਾਂ ਉਪਰ ਉੱਚ-ਪੱਧਰ ਤੇ ਕੇਂਦਰੀ ਸਰਕਾਰ ਨੂੰ ਕੀਤੀਆਂ ਅਪੀਲਾਂ ਦਾ ਕੋਈ ਅਸਰ ਨਾ ਹੋਇਆ। ਕੈਨੇਡਾ ਦੀ ਸਰਕਾਰ ਨਸਲੀ ਵਿਤਕਰੇ ਦੀਆਂ ਨੀਤੀਆਂ ਨੂੰ ਅਧਾਰ ਬਣਾਕੇ ਕਾਮਾਗਾਟਾਮਾਰੂ ਨੂੰ ਹਰ ਹਾਲਤ ਵਿਚ ਵਾਪਸ ਭੇਜਣਾ ਚਾਹੁੰਦੀ ਸੀ। ਸਰਕਾਰ ਨੇ ਨੇਵੀ ਦੇ ਰੇਨਬੋ ਸ਼ਿਪ ਨੂੰ ਕਾਮਾਗਾਟਾਮਾਰੂ ਨੂੰ ਜਬਰੀ ਤੋਰਣ ਲਈ ਮੰਗਾਇਆ। ਆਖ਼ਰ ਕਾਮਾਗਾਟਾਮਾਰੂ ਜਹਾਜ਼ ਅਤੇ ਇਸਦੇ ਮੁਸਾਫਰ, ਦੋ ਮਹੀਨੇ ਸਮੁੰਦਰ 'ਚ ਬੰਦੀ ਬਣੇ ਰਹੇ, ਅਣਗਿਣਤ ਦੁੱਖ ਝੱਲੇ, ਕਾਨੂੰਨੀ ਆਸਰਾ ਲੈਣ ਦਾ ਜਤਨ ਕੀਤਾ, ਰਹਿਮ ਦੀਆਂ ਅਪੀਲਾਂ ਕੀਤੀਆਂ, ਪਰ ਕੈਨੇਡਾ ਸਰਕਾਰ ਨੂੰ ਰੱਤੀ ਭਰ ਵੀ ਤਰਸ ਨਾ ਆਇਆ ਅਤੇ 23 ਜੁਲਾਈ 1914 ਨੂੰ ਕਾਮਾਗਾਟਾਮਾਰੂ ਨੂੰ ਜਬਰੀ ਵਾਪਸ ਮੋੜ ਦਿਤਾ।

ਕਾਮਾਗਾਟਾਮਾਰੂ ਦੇ ਕੈਪਟਨ ਨੂੰ ਹਾਂਗਕਾਂਗ ਦੇ ਕਲੋਨੀਅਲ ਸਕੱਤਰ ਵਲੋਂ ਵਿਸ਼ੇਸ਼ ਤੌਰ ਤੇ ਹਦਾਇਤ ਦਿਤੀ ਗਈ ਕਿ ਉਹ ਹਾਂਗਕਾਂਗ ਨਾ ਆਉਣ। ਉਸ ਪਿਛੋਂ ਜਹਾਜ਼ ਨੂੰ ਸਿੰਘਾਪੁਰ ਵਿਖੇ ਵੀ ਬੰਦਰਗਾਹ ਤੇ ਨਾ ਲੱਗਣ ਦਿਤਾ। ਸਤੰਬਰ 29, 1914 ਨੂੰ ਜਹਾਜ਼ ਨੂੰ ਬਜ ਬਜ ਵਿਖੇ ਰੋਕ ਲਿਆ, ਜੋ ਕਿ ਕਲਕਤੇ ਤੋਂ 17 ਮੀਲ ਦੂਰ ਸੀ। ਮੁਸਾਫਰਾਂ ਨੂੰ ਕਿਹਾ ਗਿਆ ਕਿ ਉਹ ਇਕ ਵਿਸ਼ੇਸ਼ ਟਰੇਨ ਦੁਆਰਾ ਪੰਜਾਬ ਜਾਣ, ਪਰ ਉਨ੍ਹਾਂ ਨੇ ਜਬਰੀ ਹੁਕਮ ਨੂੰ ਮੰਨਣ ਤੋਂ ਇਨਕਾਰ ਕਰ ਦਿਤਾ। ਪੁਲਸ ਨੇ ਮੁਸਾਫਰਾਂ ਉਪਰ ਗੋਲੀ ਚਲਾਈ, ਜਿਸ ਨਾਲ ਬਹੁਤ ਮੁਸਾਫਰ ਫੱਟੜ ਹੋਏ, ਸ਼ਹੀਦ ਹੋਏ ਤੇ ਕੁੱਝ ਬਚ ਕੇ ਨਿਕਲਣ ਵਿਚ ਸਫਲ ਹੋਏ ਅਤੇ 60 ਮੁਸਾਫਰ ਚੁਪ-ਚਾਪ ਰੇਲ ਗੱਡੀ ਵਿਚ ਬੈਠਕੇ ਪੰਜਾਬ ਨੂੰ ਚਲੇ ਗਏ।

ਭਾਰਤ ਸਰਕਾਰ ਨੇ ਇਕ ਵਿਸ਼ੇਸ਼ "ਅੰਤਰ-ਪ੍ਰਵੇਸ਼ ਫੁਰਮਾਨ"

5 ਸਤੰਬਰ 1914 ਨੂੰ ਜਾਰੀ ਕਰ ਦਿਤਾ, ਜਿਸ ਦੁਆਰਾ ਵਿਦੇਸ਼ਾਂ ਤੋਂ ਪਰਤ ਰਹੇ ਗਦਰੀ ਲੋਕਾਂ ਦੇ ਦਾਖਲੇ ਉਪਰੰਤ ਉਨ੍ਹਾਂ ਦੀਆਂ ਗਤੀਵਿਧੀਆਂ ਤੇ ਕੰਟਰੋਲ ਕੀਤਾ ਜਾ ਸਕੇ ਭਾਵ ਉਨ੍ਹਾਂ ਦੇ ਦਾਖਲੇ ਨੂੰ ਵੀ ਰੋਕਿਆ ਜਾ ਸਕਦਾ ਸੀ।[31]

# ਗ਼ਦਰ ਲਹਿਰ ਉਤੇ ਪ੍ਰਭਾਵ

ਜਦੋਂ ਕਾਮਾਗਾਟਾਮਾਰੂ ਜਹਾਜ਼ ਹਾਂਗਕਾਂਗ ਤੋਂ ਚੱਲਣ ਦੀ ਤਿਆਰੀ ਕਰ ਰਿਹਾ ਸੀ, ਉਸ ਸਮੇਂ ਅਮਰੀਕਾ ਵਿਚ ਗ਼ਦਰ ਪਾਰਟੀ ਦੀ ਸਥਾਪਨਾ ਕੀਤੀ ਜਾ ਰਹੀ ਸੀ। ਭਾਵੇਂ ਕੈਨੇਡਾ ਵਿਚ ਬਹੁਤ ਸਮਾਂ ਪਹਿਲਾਂ ਹੀ ਸਿੱਖਾਂ ਨੇ ਨਸਲੀ ਵਿਤਕਰਿਆਂ ਵਿਰੁੱਧ ਸੰਘਰਸ਼ ਕੀਤਾ ਅਤੇ ਆਪਣੇ ਆਪਨੂੰ ਜਥੇਬੰਧ ਕੀਤਾ, ਦੂਸਰੇ ਪਾਸੇ ਅਮਰੀਕਾ ਵਿਚ ਜਥੇਬੰਦੀਆਂ ਲਈ ਜਤਨ ਲੇਟ ਹੋਏ, ਪਰ ਗ਼ਦਰ ਪਾਰਟੀ ਦੀ ਸਥਾਪਨਾ ਵਿਚ ਕੈਨੇਡਾ ਦੇ ਸਿੱਖਾਂ ਨੇ ਵੀ ਪੂਰਾ ਸਹਿਯੋਗ ਦਿਤਾ ਅਤੇ ਮੈਂਬਰ ਵੀ ਬਣੇ। ਸਿੱਧੇ ਤੋਰ ਤੇ ਗ਼ਦਰ ਪਾਰਟੀ ਵਲੋਂ ਕਾਮਾਗਾਟਾਮਾਰੂ ਦੀ ਯੋਜਨਾ ਲਈ ਕੋਈ ਸਰਪ੍ਰਸਤੀ ਨਹੀਂ ਸੀ।

ਕਾਮਾਗਾਟਾਮਾਰੂ ਜਹਾਜ਼ ਨੂੰ ਕਿਰਾਏ ਤੇ ਲੈਣ ਲਈ ਖਾਲਸਾ ਦੀਵਾਨ ਸੁਸਇਟੀ, ਵੈਨਕੂਵਰ ਨੇ ਵੀ ਉਤਸ਼ਾਹਤ ਕੀਤਾ ਤੇ ਸਹਿਯੋਗ ਦੇਣ ਲਈ ਹੁੰਗਾਰਾ ਭਰਿਆ। ਰਸਤੇ ਵਿਚ ਭਾਈ ਬਲਵੰਤ ਸਿੰਘ ਜੀ ਨੇ ਬਾਬਾ ਗੁਰਦਿਤ ਸਿੰਘ ਨਾਲ ਮਿਲਣੀ ਕੀਤੀ ਅਤੇ ਕੁੱਝ ਸਮਾਂ ਉਨ੍ਹਾਂ ਦੇ ਜਹਾਜ਼ ਵਿਚ ਸਫਰ ਕੀਤਾ ਅਤੇ ਮਗਰੋਂ ਤੇਜ਼ ਜਹਾਜ਼ ਰਾਹੀ ਸਫਰ ਕਰਕੇ ਕਾਮਾਗਾਟਾਮਾਰੂ ਜਹਾਜ਼ ਦੇ ਪੁੱਜਣ ਤੋਂ ਪਹਿਲਾਂ ਹੀ ਵੈਨਕੂਵਰ ਪਹੁੰਚ ਗਏ।

ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਨੇ ਕਾਮਾਗਾਟਾਮਾਰੂ ਦੇ ਮੁਸਾਫਰਾਂ ਨੂੰ ਉਤਾਰਨ ਲਈ ਕਾਨੂੰਨੀ ਲੜਾਈ ਲੜੀ ਅਤੇ ਜਹਾਜ਼ ਦੀਆਂ ਕਿਸ਼ਤਾਂ ਉਤਾਰਨ ਲਈ ਪੈਸੇ ਵੀ ਇਕੱਠੇ ਕੀਤੇ, ਪਰ ਕਰੜੇ ਸੰਘਰਸ਼ ਉਪਰੰਤ ਵੀ ਜਹਾਜ਼ ਨੂੰ ਵਾਪਸ ਮੋੜਿਆ ਗਿਆ।

ਗ਼ਦਰ ਪਾਰਟੀ ਨੇ 'ਗ਼ਦਰ' ਦਾ ਇੱਕ ਵਿਸ਼ੇਸ਼ ਅੰਕ ਕੱਢਿਆ, ਜਿਸ ਵਿਚ ਕੈਨੇਡਾ ਸਰਕਾਰ ਵਲੋਂ ਕਾਮਾਗਾਟਾਮਾਰੂ ਦੇ ਪਟੇਦਾਰਾਂ ਤੇ ਮੁਸਾਫਰਾਂ ਨਾਲ ਕੀਤੀਆਂ ਵਧੀਕੀਆਂ ਅਥਵਾ ਨਸਲੀ ਵਿਤਕਰੇ ਨੂੰ ਪੂਰੇ ਵਿਸਥਾਰ ਸਹਿਤ ਲਿਖਿਆ। ਪਾਰਟੀ ਨੇ ਮਾਇਕ ਤੌਰ ਤੇ ਵੈਨਕੂਵਰ ਦੀ ਸ਼ੋਰ ਕਮੇਟੀ ਨੂੰ ਸਹਿਯੋਗ ਵੀ ਦਿਤਾ। ਸ਼ੋਰ ਕਮੇਟੀ ਰਾਹੀਂ 'ਗ਼ਦਰ' ਰਸਾਲੇ ਦੀਆਂ ਕੁੱਝ ਕਾਪੀਆਂ ਮੁਸਾਫਰਾਂ ਨੂੰ ਪਹੁੰਚਾਈਆਂ ਗਈਆਂ। ਜਦੋਂ ਗ਼ਦਰ ਪਾਰਟੀ ਨੂੰ ਪਤਾ ਲੱਗਾ ਕਿ ਕਾਮਾਗਾਟਾਮਾਰੂ ਵਾਪਸ ਪਰਤ ਰਿਹਾ ਹੈ ਤਾਂ ਉਨ੍ਹਾਂ ਨੇ ਇਕ ਐਮਰਜੈਂਸੀ ਇਕੱਤ੍ਰਤਾ ਬੁਲਾਈ, ਜਿਸ ਵਿਚ ਫੈਸਲਾ ਕੀਤਾ ਗਿਆ ਕਿ ਕੋਈ ਸੱਜਣ ਮੁਸਾਫਰਾਂ ਨੂੰ ਮਿਲੇ ਅਤੇ ਉਨ੍ਹਾਂ ਨੂੰ ਗ਼ਦਰ ਪਾਰਟੀ ਦੇ ਨਿਸ਼ਾਨੇ ਤੇ ਨੀਤੀਆਂ ਬਾਰੇ ਦਸਿਆ ਜਾਵੇ।[32]

ਫੈਸਲਾ ਇਹ ਸੀ ਕਿ ਮੁਸਾਫਰਾਂ ਨੂੰ 200 ਪਿਸਤੌਲ ਤੇ ਕਾਰਤੂਸ ਪੁੱਜਦੇ ਕੀਤੇ ਜਾਣ। ਸੋਹਣ ਸਿੰਘ ਭਕਨਾ ਨੇ ਇਸਦੀ ਜਿਮੇਦਾਰੀ ਖ਼ੁਦ ਲਈ। ਹਥਿਆਰਾਂ ਦੀ ਪੇਟੀਆਂ ਪਹੁੰਚਾਉਣ ਦੇ ਕੰਮ ਨੂੰ ਕਰਤਾਰ ਸਿੰਘ ਸਰਾਭਾ ਤੇ ਗਿਆਨੀ ਭਗਵਾਨ ਸਿੰਘ ਨੂੰ ਸੌਂਪਿਆ ਗਿਆ।[33] ਬਾਬਾ ਸੋਹਣ ਸਿੰਘ ਭਕਨਾ ਨੇ ਮੁਸਾਫਰਾਂ ਨਾਲ ਇਨਕਲਾਬੀ ਵਿਚਾਰਾਂ ਦੀ ਸਾਂਝ ਪਾਈ ਅਤੇ ਉਨ੍ਹਾਂ ਨੂੰ ਬਰਤਾਨਵੀ ਸਾਮਰਾਜ ਵਿਰੁੱਧ ਭਾਰਤ ਵਿਚ ਜਾਕੇ ਗ਼ਦਰ 'ਚ ਹਿੱਸਾ ਲੈਣ ਲਈ ਤਿਆਰ ਕੀਤਾ। ਵੈਨਕੂਵਰ ਦੇ ਡੋਮੀਨੀਅਨ ਹਾਲ ਵਿਚ ਜਦੋਂ ਕਾਮਾਗਾਟਾਮਾਰੂ ਦੇ ਸਬੰਧ ਵਿਚ ਇਕੱਤ੍ਰਤਾ ਹੋਈ ਸੀ ਤਾਂ ਨੇਤਾਵਾਂ ਨੇ ਆਪਣੇ ਭਾਸ਼ਣਾਂ ਵਿਚ ਕਿਹਾ ਸੀ ਕਿ ਜੇਕਰ ਜਹਾਜ਼ ਨੂੰ ਜਬਰੀ ਵਾਪਸ ਮੋੜਿਆ ਤਾਂ ਸਾਰੇ ਭਾਰਤੀ ਲੋਕ ਇੰਡੀਆ ਵਾਪਸ ਜਾਕੇ ਬਰਤਾਨਵੀ ਰਾਜ ਦੇ ਵਿਰੁੱਧ ਬਗਾਵਤ ਕਰਨਗੇ।[34]

ਵੈਨਕੂਵਰ ਅਤੇ ਵਾਪਸੀ ਤੇ ਬਜ ਬਜ ਵਿਖੇ ਕਾਮਾਗਾਟਾਮਾਰੂ ਦੇ ਮੁਸਾਫਰਾਂ ਨਾਲ ਕੀਤੇ ਵਰਤਾਰੇ ਨੇ ਵਿਦੇਸ਼ਾਂ ਵਿਚ ਗ਼ਦਰ ਅੰਦਲੋਨ ਨੂੰ ਤੇਜ਼ ਕੀਤਾ। ਸਰ ਮਾਈਕਲ ਓਡਵਾਇਰ ਅਨੁਸਾਰ "ਇਸਨੇ ਉਨ੍ਹਾਂ ਵਿਚ ਪਹਿਲੇ ਹੀ ਕੰਮ ਕਰ ਰਹੇ ਗ਼ਦਰ ਪ੍ਰਚਾਰ ਨੂੰ ਸ਼ਕਤੀਸ਼ਾਲੀ ਬਣਾ ਦਿਤਾ ਹੈ।[35]

ਇਸ ਸਾਕੇ ਦੇ ਗ਼ਦਰ ਲਹਿਰ ਤੇ ਪ੍ਰਭਾਵ ਬਾਰੇ ਇੰਡੀਅਨ ਸੈਡੀਸ਼ਨ ਕਮੇਟੀ ਆਪਣੀ ਰਿਪੋਰਟ ਵਿਚ ਲਿਖਦੀ ਹੈ। "ਇਸ ਨੇ ਪੰਜਾਬ ਦੇ ਕੁੱਝ ਸਿਖਾਂ ਨੂੰ ਇਸ ਵਿਚਾਰ ਨਾਲ ਭੜਕਾਇਆ ਕਿ ਸਰਕਾਰ ਉਨ੍ਹਾਂ ਵਿਰੁਧ ਤੁਲੀ ਹੈ, ਇਸ ਨੇ ਗ਼ਦਰੀ ਇਨਕਲਾਬੀਆਂ ਦੇ ਹੱਥ ਮਜ਼ਬੂਤ ਕੀਤੇ। ਜੋ ਵਿਦੇਸ਼ਾਂ ਵਿਚਾਲੇ ਸਿੱਖਾਂ ਨੂੰ ਗ਼ਦਰ ਵਿਚ ਸ਼ਾਮਲ ਹੋਣ ਲਈ ਘਰ ਮੁੜਨ ਲਈ ਜ਼ੋਰ ਦੇ ਰਹੇ ਸਨ, ਜਿਹੜਾ ਕਿ ਉਨ੍ਹਾਂ ਦਾ ਵਿਸ਼ਵਾਸ ਸੀ ਕਿ ਛੇਤੀ ਹੀ ਸ਼ੁਰੂ ਹੋਣ ਵਾਲਾ ਹੈ। ਬਹੁਤ ਪਰਵਾਸੀਆਂ ਨੇ ਇਹ ਸਦ ਸੁਣੀ ਅਤੇ ਕੈਨੇਡਾ, ਯੂ.ਐਸ.ਏ., ਫਿਲਿਪਾਈਨਜ਼, ਹਾਂਗਕਾਂਗ ਅਤੇ ਚੀਨ ਤੋਂ ਝਟ ਭਾਰਤ ਲਈ ਪਰਤ ਪਏ।"[36]

ਕਾਮਾਗਾਟਾਮਾਰੂ ਦੇ ਕਈ ਮੁਸਾਫਰ, ਇਸ ਘਟਨਾ ਮਗਰੋਂ ਪੱਕੇ ਗਦਰੀ ਬਣ ਗਏ, ਜਿਨ੍ਹਾਂ ਵਿਚ ਮੁੱਖ ਤੌਰ ਤੇ ਬਾਬਾ ਗੁਰਮੁੱਖ ਸਿੰਘ ਲਾਲਤੋਂ, ਬਾਬਾ ਹਰਿਨਾਮ ਸਿੰਘ ਗੁਜ਼ਰਵਾਲ। ਭਾਈ ਪਰਮਾਨੰਦ ਲਿਖਦੇ ਹਨ ਜੇ ਕਾਮਾਗਾਟਾਮਾਰੂ ਦਾ ਸਾਕਾ ਨਾ ਵਾਪਰਦਾ, ਕੈਨੇਡਾ ਤੇ ਯੂ.ਐਸ.ਏ. ਵਿਚ ਵਸਦੇ ਭਾਰਤੀਆਂ ਵਿਚ ਇੰਨੀ ਜਾਗ੍ਰਿਤੀ ਨਹੀਂ ਸੀ ਆਉਣੀ।[37]

ਕਾਮਾਗਾਟਾਮਾਰੂ ਦੇ ਵਾਪਰੇ ਦੁਖਾਂਤ ਨੇ ਬਲਦੀ ਉਤੇ ਤੇਲ ਪਾਉਣ ਦਾ ਕੰਮ ਕੀਤਾ। ਕੈਨੇਡਾ ਸਰਕਾਰ ਵਲੋਂ ਮੁਸਾਫਰਾਂ ਨਾਲ ਕੀਤੇ ਅਣ-ਮਨੁੱਖੀ ਵਰਤਾਰਾ, ਭਾਰਤੀਆਂ ਨੂੰ ਕੈਨੇਡਾ ਵਿਚ ਦਾਖਲ ਹੋਣ ਤੋਂ ਪੱਕੇ ਤੌਰ ਤੇ ਰੋਕਣ ਲਈ ਘੜੇ ਕਾਨੂੰਨ ਅਤੇ ਹਾਂਡੂਰਸ ਵਰਗੀਆਂ ਸਾਜਸ਼ਾਂ ਨੇ ਸਮੂਹ ਵਿਦੇਸ਼ਾਂ ਵਿਚ ਵਸ ਰਹੇ ਭਾਰਤੀਆਂ ਨੂੰ ਕੌਮੀ ਆਜ਼ਾਦੀ ਲਈ ਜੂਝਣ ਵਾਸਤੇ ਤਿਆਰ ਕਰ ਦਿਤਾ।[38] ਉਨ੍ਹਾਂ ਨੂੰ ਅਹਿਸਾਸ ਕਰਵਾ ਦਿਤਾ ਕਿ ਗੁਲਾਮੀ ਦਾ ਜੀਵਨ ਨਰਕ-ਭੋਗਣਾ ਹੀ ਹੈ। ਨਾਰਥ ਅਮਕੀਕਾ ਤੋਂ ਬਿਨ੍ਹਾਂ, ਫਿਲਿਪਾਈਨਜ਼, ਚੀਨ, ਸਿਆਮ, ਬਰਮਾ, ਸਿੰਗਾਪੁਰ ਆਦਿ ਥਾਵਾਂ ਤੇ ਗ਼ਦਰ ਪਾਰਟੀ ਦੀਆਂ ਸ਼ਾਖਾਂ ਸਨ ਅਤੇ ਉਨ੍ਹਾਂ ਪਾਸ ਗ਼ਦਰ ਅਖ਼ਬਾਰ ਦੁਆਰਾ ਜਾਣਕਾਰੀ ਮਿਲਦੀ ਸੀ। ਉਨ੍ਹਾਂ ਥਾਵਾਂ ਤੋਂ ਵੀ ਗਦਰੀ ਮਰ-ਮਿਟਣ ਲਈ ਤਿਆਰ ਹੋਏ ਅਤੇ ਵਾਪਸ ਦੇਸ ਨੂੰ ਪਰਤਣ ਲੱਗੇ।

## References


1. Khushwant Singh & Satindra Singh Ghadar 1915: India's First Armed Revolution New Delhi: R.K. Publishing, 1966, p.1
2. ਮੋਹਨ ਸਿੰਘ ਭਕਨਾ ਮੇਰੀ ਰਾਮ ਕਹਾਣੀ / ਸੰਪਾਦਕ ਰਾਜਵਿੰਦਰ ਸਿੰਘ ਰਾਹੀ ਸਮਾਣਾ: ਸੰਗਮ ਪਬਲੀਕੇਸ਼ਨਜ਼, 2012, ਪੰਨਾ 67
3. Report, Khalsa Diwan Society, Vancouver, July 22, 1906 to Oct. 20, 1909.
4. Lower, R.M. "Case against Immigration, Queen Quarterly", Vol. 37, p. 571
5. Hallet, M.E. Governor Generals Views on Oriental Immigration to B.C. Studies No. 14, 50, 1972 p. 58
6. Mehta, Sampat R. "International Barriers, Ottawa", Canada Research Bureau, 1973 pp. 133-134
7. ਜੱਸ, ਜਸਵੰਤ ਸਿੰਘ, ਬਾਬਾ ਗੁਰਦਿੱਤ ਸਿੰਘ, ਪੰਨੇ 28-29 ਜਲੰਧਰ: ਨਿਉ ਬੁੱਕ ਕੰ:, 1983
8. Harkin, J.B. The Indians in British Columbia, pp. 27-28
9. Parliament of the United Kingdom of Great Britain and Ireland, Ninth Edward VII, 1909 Chapter 27 pp. 14-15
10. ਜਸ, ਜਸਵੰਤ ਸਿੰਘ, "ਬਾਬਾ ਗੁਰਦਿਤ ਸਿੰਘ ਜਲੰਧਰ: ਨਿਉ ਬੁੱਕ ਕੰਪਨੀ, 1983, ਪੰਨੇ 31-32
11. Gurdit Singh "The Voyage of the Kamagata Maru, Calcutta: n.d. pp. 13-14
12. ਜਗਜੀਤ ਸਿੰਘ: ਗਦਰ ਪਾਰਟੀ ਲਹਿਰ, ਦਿਲੀ, ਨਵਯੁਗ ਪਬਲਿਸ਼ਰਜ਼, 1979, p. 37
13. ਉਹੀ ਪੰਨਾ 38
14. ਬਿਆਨ ਭਾਗ ਸਿੰਘ ਕਨੇਡੀਆਨ 'ਗ਼ਦਰ ਲਹਿਰ ਦੀ ਕਹਾਣੀ (ਸੰਪਾਦਕ) ਚੈਨ ਸਿੰਘ ਚੈਨ, ਪੰਨਾਂ 12D-121
15. The Seventh Report of the Senate Fact Finding Committee on Un-American Activities in California (1953) p. 216
16. ਬਾਬਾ ਸੋਹਣ ਸਿੰਘ ਭਕਨਾ "ਮੇਰੀ ਰਾਮ ਕਹਾਣੀ' ਸੰਪਾਦਕ ਰਾਜਵਿੰਦਰ ਸਿੰਘ ਰਾਹੀ – ਸਮਾਣਾ: ਸੰਗਸ ਪਬਲੀਕੇਸ਼ਨਜ਼, 2012 pp. 83-84
17. ਉਹੀ ਪੰਨਾ 84-87
18. ਗਦਰ ਲਹਿਰ ਦੀ ਕਹਾਣੀ, ਸੰਪਾਦਕ ਚੈਨ ਸਿੰਘ ਚੈਨ ਜਲੰਧਰ: ਇਤਿਹਾਸ ਸਬ ਕਮੇਟੀ, 2002 ਪੰਨਾ 68-69 (ਹਰਨਾਮ ਸਿੰਘ ਟੁੰਡੀਲਾਟ, ਕੋਟਲਾ ਨੌਧ ਸਿੰਘ ਦਾ ਬਿਆਨ, ਜੋ ਉਨ੍ਹਾਂ ਨੇ 22.6.1955 ਨੂੰ ਦਿਤਾ)
18. ਉਹੀ ਪੰਨਾ 30-31 (ਸੋਹਣ ਸਿੰਘ ਭਕਨਾ ਦਾ ਬਿਆਨ ਜੋ ਉਨ੍ਹਾਂ 1949 ਵਿਚ ਦਿਤਾ)
19. Khushwant Singh, Ghadar 1915 Delhi, R & K Publishing House, 1966, p. 54-55
20. ਸੋਹਣ ਸਿੰਘ ਭਕਨਾ 'ਮੇਰੀ ਰਾਮ ਕਹਾਣੀ' ਸੰਪਾਦਕ ਰਾਜਬਿੰਦਰ ਰਾਹੀ, ਸਮਾਣਾ: ਸੰਗਮ ਪਬਲੀਕੇਸ਼ਜਜ਼, 2012, ਪੰਨੇ 88, 90, 93
22. Khushwant Singh & Satindra Singh, Ghadar 1915, Delhi: R & K Publishing House, 1966, p. 57
23. Johnston Hugh, "The Voyage of the Kamagata Maru, Delhi: Oxford U.P., 1979, pp. 17-18
24. British Columbia Reports, Vol. 18, 1913, pp. 506-509
25. Gurjit Singh, op. cit, p. 14
26. ਕੇਸਰ ਸਿੰਘ, "ਮੇਰੀ ਸਵੈ ਜੀਵਨੀ"?
27. Telegram from Governor of Hong Kong to the Governor General of Canada, Borden papers.Letter #17490
28. Malcolm Reid to W.D. Scott (June 9, 1914) Steven File, p. 158
29. Ferguson, Ted. 'White Man's Country', pp. 24-25
30. Telegram from F.J. Edward Bird to R.L. Borden (Prime Minister), June 23, 1914 Borden pepers.
31. MacMunn, George, Sir, "Turmoil and Tragedy in India. London: Jarrolds Publishers, 1935. pp. 94-95
32. ਪੂਰਨ ਸਿੰਘ 'ਕਾਮਾਗਾਟਾਮਾਰੂ ਦਾ ਦੁਖਾਂਤ' ਵੈਨਕੂਵਰ: ਕਨੇਡੀਅਨ ਸਿੱਖ ਸਟੱਡੀ ਤੇ ਟੀਚਿੰਗ ਸੁਸਇਟੀ, 2008, ਪੰਨਾ 137
33. ਉਹੀ ਪੰਨਾ 137
34. ਸੈਂਸਰਾ, ਗੁਰਚਰਨ ਸਿੰਘ, "ਗਦਰ ਪਾਰਟੀ ਦਾ ਇਤਿਹਾਸ", ਜਲੰਧਰ: ਦੇਸ਼ ਭਗਤ ਯਾਦਗਰ ਕਮੇਟੀ, 1969, p. 151
35. O'Dwyer, Michael Francies, Sir, "India as I Knew it". London: Constables, 1926, p. 194
36. The Indian Sedition Committee Report, 1918, Calcutta, p. 148-149
37. Perma Nand, "The Story of my Life", Lahore: The Central The Indian Sedition Committee Reportindu Sabha, 1934, p. 75
38. ਜਗਜੀਤ ਸਿੰਘ, "ਗਦਰ ਪਾਰਟੀ ਲਹਿਰ", ਦਿੱਲੀ: ਨਵਯੁਗ ਪਬਲਿਸ਼ਰਜ਼, 1979, ਪੰਨਾ 71.